# Prospectus
## 2026-27

KISHANKOT
Estd. 2016




**Post Graduate, Multi-Faculty, Co-Educational**
**Constituent College of Guru Nanak Dev University Amritsar**
**Recognized Under 2 (f) & 12 (b) of UGC Act**

# BABA NAMDEV UNIVERSITY COLLEGE


KISHANKOT (GHOMAN), DISTT. GURDASPUR

Website: www.bndukishankot.org M: 84374-40333

Email : osd.kishankot@gndu.ac.in

# ਦਾਖਲੇ ਸੰਬੰਧੀ ਨਿਯਮ

1. ਵਿਦਿਆਰਥੀ ਲਈ ਦਾਖ਼ਲੇ ਸਮੇਂ ਦਸਵੀਂ, ਬਾਰਵੀਂ ਅਤੇ ਹੇਠਲੀ ਕਲਾਸ ਦਾ ਨੰਬਰ ਕਾਰਡ **(D.M.C.)** (3 ਫੋਟੋ ਕਾਪੀਆਂ ਜਮ੍ਹਾਂ ਕਰਵਾਉਣਾ ਜਰੂਰੀ ਹੈ।

2. ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਇਲਾਵਾ ਦੂਜੇ ਬੋਰਡ ਤੋਂ ਆਏ ਵਿਦਿਆਰਥੀਆਂ ਲਈ ਅਸਲ ਮਾਈਗਰ੍ਰੇਸ਼ਨ ਸਰਟੀਫਿਕੇਟ ਅਤੇ ਅਸਲ ਡੀ.ਐਮ.ਸੀ ਕਾਰਡ (10ਵੀਂ ਅਤੇ ਬਾਰਵੀਂ ਕਲਾਸ) ਜਮ੍ਹਾ ਕਰਵਾਉਣਾ ਜਰੂਰੀ ਹੈ।

3. ਹਰ ਇੱਕ ਕੋਰਸ ਦੇ ਭਾਗ ਪਹਿਲਾ ਦੇ ਵਿਦਿਆਰਥੀ ਲਈ ਪਿਛਲੇ ਸਕੂਲ ਤੋਂ ਪ੍ਰਾਪਤ ਅਸਲ ਕਰੈਕਟਰ ਸਰਟੀਫਿਕੇਟ ਜਮ੍ਹਾ ਕਰਵਾਉਣਾ ਲਾਜਮੀ ਹੈ।

4. ਸੰਬੰਧਿਤ ਸਰਟੀਫਿਕੇਟ ਅਟੈਸਟੱਡ ਹੋਣੇ ਜਰੂਰੀ ਹਨ।

5. ਵਿਦਿਆਰਥੀ ਦੁਆਰਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੁਆਰਾ ਨਿਰਧਾਰਿਤ ਫਾਰਮ ਜਾਂ ਦਸਤਾਵੇਜ਼ ਤੇ ਗਲਤ ਜਾਣਕਾਰੀ ਦਿੱਤੇ ਜਾਣ ਤੇ ਉਸਦਾ ਦਾਖ਼ਲਾ ਰੱਦ ਕੀਤਾ ਜਾ ਸਕਦਾ ਹੈ।

6. ਵਿਦਿਆਰਥੀ ਦਾ ਨਤੀਜਾ ਲੇਟ ਹੋਣ ਦੀ ਸੂਰਤ ਵਿੱਚ ਦਾਖ਼ਲਾ ਸੀਟ ਖਾਲੀ ਹੋਣ ਤੇ ਜਾ ਯੂਨੀਵਰਸਿਟੀ ਦੀ ਅਨੁਮਤੀ ਨਾਲ ਹੀ ਦਿੱਤਾ ਜਾਵੇਗਾ।

7. ਦਾਖਲੇ ਸਮੇਂ ਵਿਦਿਆਰਥੀ ਆਪਣੀਆਂ 10 ਪਾਸਪੋਰਟ ਸਾਈਜ ਫੋਟੋਆ ਜਮ੍ਹਾਂ ਕਰਵਾਉਣ।

8. ਜਿੰਨ੍ਹਾਂ ਵਿਦਿਆਰਥੀ ਦਾ ਨਤੀਜਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਜਾਂ ਕਿਸੇ ਹੋਰ ਮਾਨਤਾ ਪ੍ਰਾਪਤ ਯੂਨੀਵਰਸਿਟੀ, ਬੋਰਡ ਵੱਲੋਂ ਲੇਟ ਘੋਸ਼ਿਤ ਕੀਤਾ ਜਾਂਦਾ ਹੈ। ਉਹ ਵਿਦਿਆਰਥੀ ਆਪਣੇ ਨਤੀਜੇ ਘੋਸ਼ਿਤ ਹੋਣ ਦੇ 12 ਦਿਨਾਂ **(Working Days (Including two transit day)** ਵਿੱਚ ਬਿਨਾਂ ਲੇਟ ਫੀਸ ਤੋਂ ਦਾਖਲਾ ਲੈ ਸਕਦੇ ਹਨ।

9. ਜਿਸ ਵਿਦਿਆਰਥੀ ਦਾ ਨਤੀਜਾ ਕਿਸੇ ਵੀ ਕਾਰਨ 'Later' ਘੋਸ਼ਿਤ ਕੀਤਾ ਜਾਂਦਾ ਹੈ ਉਸਨੂੰ ਅਗਲੀ ਕਲਾਸ ਵਿੱਚ **Provisionl Admission** ਦਿੱਤੀ ਜਾਵੇਗੀ ਅਤੇ ਜੇਕਰ ਉਸਦਾ ਨਤੀਜਾ ਫੇਲ ਘੋਸ਼ਿਤ ਕੀਤਾ ਜਾਂਦਾ ਹੈ ਤਾ **Provisional** ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਉਸ ਨੂੰ ਮੁੜ ਪਿਛਲੀ ਕਲਾਸ ਵਿੱਚ ਦਾਖ਼ਲਾ ਕਰ ਦਿੱਤਾ ਜਾਵੇਗਾ ਅਤੇ ਉਸ ਦੁਆਰਾ ਦਿੱਤੀ ਗਈ ਫੀਸ ਪਿਛਲੀ ਕਲਾਸ ਦੀ ਫ਼ੀਸ ਵਿੱਚ ਤਬਦੀਲ ਹੋ ਜਾਵੇਗੀ ਅਤੇ ਜੇਕਰ ਉਹ ਪੜ੍ਹਾਈ ਵਿੱਚ ਹੀ ਛੱਡ ਜਾਂਦਾ ਹੈ ਤਾਂ ਉਸਦੀ ਫ਼ੀਸ ਵਾਪਿਸ ਨਹੀਂ ਹੋਵੇਗੀ। ਉਹ ਕਾਲਜ ਤੋਂ ਕਿਸੇ ਵੀ ਤਰ੍ਹਾਂ ਦਾ **Claim** ਨਹੀ ਲੈ ਸਕਦਾ।

10. ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਾਖ਼ਲੇ ਸਮੇਂ ਵਿਦਿਆਰਥੀਆਂ ਕੋਲ ਆਪਣੀ ਰਜਿਸਟਰਡ ਈ.ਮੇਲ. ਆਈ.ਡੀ. ਮੋਬਾਇਲ ਨੰਬਰ ਹੋਣਾ ਲਾਜ਼ਮੀ ਹੈ। ਇਸਦੀ ਲੋੜ ਵਿਦਿਆਰਥੀ ਨੂੰ ਆਨਲਾਈਨ ਦਾਖਲੇ ਸਮੇਂ ਪਵੇਗੀ।

11. **SC/ST/BC/Minority** ਵਿਦਿਆਰਥੀਆਂ ਲਈ ਘੱਟ ਆਮਦਨ ਸਰਟੀਫਿਕੇਟ (ਉਸ ਸਾਲ ਦਾ) ਪੰਜਾਬ ਸਰਕਾਰ / ਗੁਰੂ ਨਾਨਕ ਦੇਵ ਯੂਨੀਵਰਸਿਟੀ. ਅੰਮ੍ਰਿਤਸਰ ਵੱਲੋ ਨਿਰਧਾਰਿਤ ਨਿਰਦੇਸ਼ਾਂ ਮੁਤਾਬਿਕ, ਸੰਬੰਧਿਤ **Category** ਦਾ ਸਰਟੀਫਿਕੇਟ, ਅਧਾਰ ਕਾਰਡ ਦੀ ਕਾਪੀ, **Residence Certificate** ਦੀ ਕਾਪੀ, ਵਿਦਿਆਰਥੀ ਦੇ ਨਾਮ ਤੇ ਬੈਂਕ ਅਕਾਉਂਟ ਤੇ ਪਾਸ ਬੁੱਕ **(IFSC Code )** ਦੀ ਕਾਪੀ ਜੇਕਰ ਪੜ੍ਹਾਈ ਵਿੱਚ ਗੈਪ ਹੈ ਤਾਂ ਉਸ ਸੰਬੰਧੀ ਅਸਲ **Affidavit**, ਜੇਕਰ ਪਿਤਾ ਦੀ ਮੌਤ ਹੋ ਚੁੱਕੀ ਹੈ ਤਾਂ ਪਿਤਾ ਦਾ ਮੌਤ ਸਰਟੀਫੇਕਟ ਦੀ ਕਾਪੀ, ਅਤੇ ਮਾਤਾ ਦਾ **Income Ceritficate** 2 ਪਾਸਪੋਰਟ ਸਾਈਜ਼ ਵਿਦਿਆਰਥੀ ਦੀਆਂ ਫੋਟੋਆਂ ਅਤੇ 2 ਕਾਪੀ (ਲੋੜੀਂਦੇ ਦਸਤਵੇਜ ਸਮੇਤ ਜਮ੍ਹਾਂ ਕਰਵਾਉਣੇ ਜਰੂਰੀ ਹਨ।

12. ਜੇਕਰ ਕੋਈ **SC/ST/BC/ Minority** ਵਿਦਿਆਰਥੀ ਆਪਣੇ ਕਿਸੇ ਕਲਾਸ ਦੀਆ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚੋਂ ਫੇਲ੍ਹ ਹੋ ਜਾਂਦਾ ਹੈ ਤਾਂ ਇਸ ਸੂਰਤ ਵਿੱਚ ਵਿਦਿਆਰਥੀ ਨੂੰ ਮੁੜ ਤੋਂ ਉਸੇ ਸਾਲ/ਕਲਾਸ ਦੀ ਵਜ਼ੀਫੇ ਸੰਬੰਧੀ ਕੋਈ ਵੀ ਸਹੂਲਤ ਨਹੀਂ ਮਿਲੇਗੀ ਅਤੇ ਦਾਖਲਾ ਲੈਣ ਦੌਰਾਨ ਉਸ ਵਿਦਿਆਰਥੀ ਨੂੰ ਪੂਰਾ ਦਾਖ਼ਲਾ ਅਤੇ ਪ੍ਰੀਖਿਆ ਫੀਸ/ਫਾਈਨ ਭਰਨਾ ਪਵੇਗਾ।

# Message



It is a privilege to lead as head of Constituent colleges associated with Guru Nanak Dev University, Amritsar. These colleges have been established as a result of united effort of UGC, Government of Punjab and Guru Nanak Dev University, Amritsar with special purposes of raising the standard of higher education specially in rural area. These constituent colleges are under GNDU Management and get financial support from Punjab Government For that reason, the fee structure has been according to the government colleges. These colleges provide quality and affordable education to needy students.

While cherishing the journey and milestones achieved so far, we must look forward and prepare ourselves for future challenges to propel these colleges to even greater heights. From current year (2024-25), our primary focus is on implementing the New Education Policy (NEP) in its true spirit, fostering inter-disciplinary research, deepening industry-academia collaboration, exploring and developing new avenues of knowledge, and resource generation through knowledge transfer. The colleges give students the opportunity to integrate their minds, imaginations, and emotions in order to become capable of resolving public issues. The students have twofold responsibilities: one is to transform themselves, and the other is to address the complex problems faced by the society. It is my earnest appeal to students to make the best use of the time they spend at the college for their holistic transformation. The students must keep their curiosity alive and experiment new things. Let us educate society so that it is capable of generating innumerable ideas for human welfare. I am hopeful and confident that with everyone's support and commitment, we will achieve new milestones with ever- rising benchmarks, help our youth in making their dreams a reality, and propel the colleges to new heights. I urge the students to choose these colleges as their first preference.

The credit also goes to Vice-Chancellor of University, who has put in great efforts to establish and develop these colleges.

**Prof. Saroj Bala**
Dean, College Development Council
Guru Nanak Dev University, Amritsar



ਪਿਆਰੇ ਵਿਦਿਆਰਥੀਓ

ਜਿਵੇਂ ਸੂਰਜ ਦਾ ਪ੍ਰਕਾਸ਼ ਧਰਤੀ ਦੇ ਹਰ ਕੋਨੇ ਨੂੰ ਰੁਸ਼ਨਾਉਂਦਾ ਹੈ, ਉਸੇ ਤਰ੍ਹਾਂ ਵਿਦਿਆ ਦਾ ਪ੍ਰਕਾਸ਼ ਵੀ, ਮਨੁੱਖਤਾ ਅੰਦਰ ਰੂਹ, ਵਿਚਾਰਾਂ ਅਤੇ ਸਰੋਕਾਰਾਂ ਨੂੰ ਰੁਸ਼ਨਾਉਂਦਾ ਹੈ। ਅਜਿਹੇ ਹੀ ਮਨੋਰਥ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਦੇ ਸਾਂਝੇ ਉਦਮਾਂ ਸਦਕੇ, ਮਾਝੇ ਦੀ ਧਰਤੀ ਤੇ ਸ਼ਰੋਮਣੀ ਭਗਤ, ਬਾਬਾ ਨਾਮਦੇਵ ਜੀ ਦੀ ਯਾਦ ਵਿਚ, ਬਾਬਾ ਨਾਮ ਦੇਵ ਯੂਨੀਵਰਸਿਟੀ ਕਾਲਜ, ਕਿਸ਼ਨਕੋਟ (ਗੁਰਦਾਸਪੁਰ) ਦੀ ਸਥਾਪਨਾ ਸੰਨ 2016 ਵਿਚ ਕੀਤੀ ਗਈ। ਆਪ ਸਭ ਲਈ ਮਾਣ ਦੀ ਗੱਲ ਹੈ ਕਿ ਤੁਹਾਨੂੰ ਇਸ ਮਹਾਨ ਸੰਸਥਾ ਨਾਲ ਜੁੜਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਇਹ ਸੰਸਥਾ ਪੋਸਟ ਗਰੈਜੂਏਟ, ਬਹੁ-ਫੈਕਲਟੀ ਸਹਿ-ਸਿੱਖਿਅਕ ਹੈ, ਜਿਸ ਨੂੰ ਯੂ.ਜੀ.ਸੀ. ਐਕਟ ਦੀ ਧਾਰਾ 2?ਪ! ; 12?ਅ! ਤਹਿਤ ਮਾਨਤਾ ਹਾਸਿਲ ਹੈ। ਇਸ ਕਾਲਜ ਵਿਚ ਵਰਤਮਾਨ ਸਮੇਂ ਵਿਚ ਐਮ.ਏ. (ਪੰਜਾਬੀ), ਬੀ.ਏ., ਬੀ.ਕਾਮ., ਬੀ.ਐਸ.ਸੀ (ਮੈਡੀਕਲ, ਨਾਨ ਮੈਡੀਕਲ, ਕੰਪਿਊਟਰ ਸਾਇੰਸ, ਫੈਸ਼ਨ ਡਿਜਾਈਨਿੰਗ), ਬੀ.ਸੀ.ਏ., ਡੀ.ਸੀ.ਏ., ਟੇਲਰਿੰਗ ਅਤੇ ਸਟਿੰਚਿੰਗ ਦੇ ਕੋਰਸ ਚਲ ਰਹੇ ਹਨ ਅਤੇ ਭਵਿੱਖ ਵਿਚ ਹੋਰ ਕੋਰਸ ਸ਼ੁਰੂ ਕਰਨ ਦੀ ਵੀ ਤਜਵੀਜ ਹੈ। ਇਹ ਕਾਲਜ ਪੇਂਡੂ ਖੇਤਰ ਦੇ ਵਿਦਿਆਰਥੀਆਂ ਨੂੰ ਕਫ਼ਾਇਤੀ ਅਤੇ ਗਰੀਬ ਵਰਗ ਦੇ ਵਿਦਿਆਰਥੀਆਂ ਨੂੰ ਮੁਫ਼ਤ ਵਿਦਿਆ ਪ੍ਰਦਾਨ ਕਰ ਰਿਹਾ ਹੈ।

ਇਸ ਸੰਸਥਾ ਦਾ ਉਦੇਸ਼ ਵਿਦਿਆਰਥੀਆਂ ਨੂੰ ਸਮੇਂ ਅਤੇ ਨਵੇਂ ਯੁੱਗ ਦੀਆਂ ਲੋੜਾਂ ਮੁਤਾਬਿਕ ਨਵੀਂ ਵਿਦਿਆ ਦੇਣਾ ਹੈ। ਕਾਲਜ ਨੂੰ ਭਵਿੱਖ ਵਿਚ ਅੱਗੇ ਲੈ ਕੇ ਜਾਣ ਲਈ ਕਾਲਜ ਦਾ ਉੱਚ ਵਿਦਿਆ ਪ੍ਰਾਪਤ ਮਿਹਨਤੀ ਸਟਾਫ ਪੂਰੀ ਤਨਦੇਹੀ ਨਾਲ ਲੱਗਾ ਹੋਇਆ ਹੈ। ਕਾਲਜ, ਵਿਦਿਆਰਥੀਆਂ ਦੇ ਅਕਾਦਮਿਕ ਵਿਕਾਸ ਦੇ ਨਾਲ-ਨਾਲ ਉਨ੍ਹਾਂ ਦੀ ਸ਼ਖ਼ਸੀਅਤ ਦੇ ਸਰਬਪੱਖੀ ਵਿਕਾਸ ਲਈ ਪੂਰਾ ਯਤਨਸ਼ੀਲ ਰਹਿੰਦਾ ਹੈ।

ਵਿਦਿਆਰਥੀਓ, ਤੁਸੀਂ ਇਸ ਦੇਸ਼ ਦੇ ਭਵਿੱਖ ਦਾ ਅਮੀਰ ਵਿਰਸਾ ਹੋ। ਸਖ਼ਤ ਮੁਕਾਬਲੇ ਦੇ ਇਸ ਦੌਰ ਵਿਚ ਤੁਸੀਂ ਜੇ ਵਕਤ ਦੇ ਹਾਣ ਦਾ ਬਣਨਾ ਹੈ, ਤਾਂ ਤੁਹਾਨੂੰ ਆਪਣੀ ਸ਼ਖ਼ਸੀਅਤ ਦਾ ਬਹੁਪੱਖੀ ਵਿਕਾਸ ਕਰਨਾ ਹੋਵੇਗਾ। ਆਪਣੀ ਪੜ੍ਹਾਈ ਦੇ ਨਾਲ-ਨਾਲ ਕਾਲਜ ਦੀਆਂ ਸਹਿ-ਸਿਖਿਅਕ ਸਰਗਰਮੀਆਂ ਵਿਚ ਪੂਰੀ ਊਰਜਾ ਨਾਲ ਸ਼ਾਮਿਲ ਹੋਣਾ ਪਵੇਗਾ। ਅਜਿਹਾ ਕਰਕੇ ਹੀ ਤੁਸੀਂ ਆਪਣੇ ਅੰਦਰ ਛੁਪੀ ਅਥਾਹ ਸਮਰੱਥਾ ਨੂੰ ਪੂਰੀ ਤਰ੍ਹਾਂ ਉਜਾਗਰ ਕਰ ਸਕੋਗੇ। ਕਾਲਜ ਤੁਹਾਨੂੰ ਇਸ ਮੰਤਵ ਲਈ ਸਮੇਂ-ਸਮੇਂ ਪੂਰੇ ਮੌਕੇ ਪ੍ਰਦਾਨ ਕਰੇਗਾ।

ਨਵੇਂ ਸੈਸ਼ਨ ਵਿਚ ਜਿਹੜੇ ਵਿਦਿਆਰਥੀ ਇਸ ਕਾਲਜ ਵਿਚ ਦਾਖਿਲ ਹੋਏ ਹਨ, ਉਨ੍ਹਾਂ ਦਾ ਕਾਲਜ ਦੇ ਸ਼ਾਨਦਾਰ ਕੈਂਪਸ ਵਿਚ ਸਵਾਗਤ ਹੈ।


ਮੈਂ ਤੁਹਾਨੂੰ ਇਹ ਦੱਸਣਾ ਅਹਿਮ ਸਮਝਦਾ ਹਾਂ ਕਿ ਤੁਹਾਡੇ ਤੋਂ ਇਸ ਕਾਲਜ ਦੀ ਸਭ ਤੋਂ ਵੱਡੀ ਮੰਗ ਅਨੁਸਾਸ਼ਨ ਵਿਚ ਰਹਿ ਕੇ ਗਿਆਨ ਪ੍ਰਾਪਤੀ ਦੀ ਹੈ।

ਅੰਤ ਵਿਚ ਮੈਂ ਆਪ ਸਭ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਾ ਹਾਂ।

ਸ਼ੁਭ ਇਛਾਵਾਂ ਅਤੇ ਅਸੀਰਵਾਰ ਸਹਿਤ

**Prof. (Dr.) V.K. Singh**
O.S.D/Principal

# ਕਾਲਜ ਬਾਰੇ...




ਬਾਬਾ ਨਾਮਦੇਵ ਜੀ

ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ, ਕਿਸ਼ਨਕੋਟ (ਘੁਮਾਣ) ਪੰਜਾਬ ਸਰਕਾਰ ਅਤੇ ਰਾਸ਼ਟਰੀ ਉਚੇਰੀ ਸਿੱਖਿਆ ਅਭਿਆਨ (RUSA) ਦੀ ਨਵੀਂ ਯੋਜਨਾਬੰਦੀ ਤਹਿਤ 2016 'ਚ ਖੋਲ੍ਹਿਆ ਗਿਆ। ਇਹ ਪੰਜਾਬ ਸਰਕਾਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਂਝੇ ਉੱਦਮ ਨਾਲ ਚਲਾਇਆ ਜਾ ਰਿਹਾ ਹੈ । ਇਹ ਵਿਦਿਅਕ ਸੰਸਥਾ ਪੇਂਡੂ ਖੇਤਰ ਦੇ ਵਿਦਿਆਰਥੀਆ ਲਈ ਕਫ਼ਾਇਤੀ ਉੱਚ ਵਿਦਿਆ ਅਤੇ ਗਰੀਬ ਅਤੇ ਪੱਛੜੇ ਵਰਗ ਦੇ ਵਿਦਿਆਰਥੀਆਂ ਨੂੰ ਮੁਫ਼ਤ ਵਿੱਦਿਆ ਪ੍ਰਦਾਨ ਕਰਦੀ ਹੈ।

ਕਾਲਜ ਵਿੱਚ ਗਰੈਜੂਏਸ਼ਨ ਅਤੇ ਪੋਸਟ ਗਰੈਜੂਏਸ਼ਨ ਦੇ ਉਹ ਸਾਰੇ ਕੋਰਸ ਚਲਾਏ ਜਾ ਰਹੇ ਹਨ ਜਿਨ੍ਹਾਂ ਦੀ ਅਜੋਕੇ ਦੌਰ 'ਚ ਵਿਸ਼ੇਸ਼ ਲੋੜ ਹੈ । ਯੂਨੀਵਰਸਿਟੀ ਨੇ ਵੱਖ-ਵੱਖ ਕੋਰਸਾਂ ਨੂੰ ਚਲਾਉਣ ਸੰਬੰਧੀ ਪੂਰੀ ਵਿਉਂਤਬੰਦੀ ਕੀਤੀ ਹੈ ਅਤੇ ਵਿਧੀਗਤ ਤਰੀਕੇ ਨਾਲ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ। ਨਵੇ ਯੁੱਗ ਦੀਆ ਲੋੜਾਂ ਮੁਤਾਬਿਕ ਪਰੰਪਰਾਗਤ ਕੋਰਸਾਂ ਦੇ ਨਾਲ-ਨਾਲ ਕਿੱਤਾ ਮੁਖੀ ਕੋਰਸ ਵੀ ਚਲਾਏ ਗਏ ਹਨ ਜਿਨ੍ਹਾਂ ਵਿੱਚ ਆਰਟਸ, ਸਾਇੰਸ, ਕਮਰਸ ਅਤੇ ਕੰਪਿਊਟਰ ਨਾਲ ਸੰਬੰਧਿਤ ਕਈ ਡਿਗਰੀ ਕੋਰਸ ਹਨ, ਜੋ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ 'ਚ ਮਦਦਗਾਰ ਸਾਬਿਤ ਹੋ ਰਹੇ ਹਨ । ਇਹ ਸੰਸਥਾ ਨਿਸ਼ਚੇ ਹੀ ਸਮਾਜ ਦੇ ਸਾਂਝੇ ਵਿਕਾਸ ਲਈ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। ਇਸ ਕਾਲਜ ਦੇ ਆਸ ਪਾਸ ਅਤੇ ਦੂਰ ਨੇੜੇ ਭਾਵੇਂ ਕੁੱਝ ਹੋਰ ਕਾਲਜ ਵੀ ਹਨ ਪਰ ਉਹਨਾਂ ਵਿੱਚ ਫ਼ੀਸਾਂ ਬਹੁਤ ਜ਼ਿਆਦਾ ਹਨ। ਇਸ ਸੰਸਥਾ ਨੂੰ ਸਹੀ ਅਰਥਾਂ 'ਚ ਸੇਵਾ ਦੀ ਮਿਸ਼ਨਰੀ ਭਾਵਨਾ ਨਾਲ ਚਲਾਇਆ ਜਾ ਰਿਹਾ ਹੈ।

ਕਾਲਜ 'ਚ ਬੀ.ਏ., ਬੀ.ਕਾਮ, ਬੀ.ਐਸ.ਸੀ., (ਮੈਡੀਕਲ, ਨਾਨ ਮੈਡੀਕਲ, ਕੰਪਿਊਟਰ ਸਾਇੰਸ, ਫੈਸ਼ਨ ਡਿਜ਼ਾਇਨਿਗ), ਬੀ.ਸੀ.ਏ. ਐਮ ਏ (ਪੰਜਾਬੀ), ਐਮ. ਏ (ਹਿਸਟਰੀ), ਐਮ.ਐਸ.ਸੀ (ਕੰਪਿਊਟਰ ਸਾਇੰਸ), ਪੀ.ਜੀ.ਡੀ.ਸੀ.ਏ., ਡੀ.ਸੀ.ਏ, ਡਿਪਲੋਮਾ ਇਨ ਸਟੀਚਿੰਗ ਐਂਡ ਟੇਲਰਿੰਗ, ਡਿਪਲੋਮਾ ਇਨ ਕੋਸਮਟੋਲੋਜੀ, ਡਿਪਲੋਮਾ ਇਨ ਲਾਇਬਰੇਰੀ ਸਾਇੰਸ, ਡਿਪਲੋਮਾ ਇਨ ਵੈਬ ਡਿਜ਼ਾਇਨਿੰਗ, ਤਿੰਨ ਬੀ ਵੋਕ ਕੋਰਸ (ਸੋਫਟ ਵੇਅਰ ਡਵੈਲਪਮੈਂਟ, ਫੈਸ਼ਨ ਟੈਕਨੋਲੋਜੀ ਅਤੇ ਬਿਊਟੀ ਐਂਡ ਵੈਲਨੈਸ ਚਲਾਏ ਜਾ ਰਹੇ ਹਨ। ਇਹ ਡਿਗਰੀਆਂ ਅਤੇ ਡਿਪਲੋਮਾ ਹਾਸਲ ਕਰਕੇ ਵਿਦਿਆਰਥੀ ਆਰਥਿਕ ਤੌਰ ਤੇ ਆਤਮ ਨਿਰਭਰ ਬਣ ਸਕਦੇ ਹਨ ਅਤੇ ਸਮਾਜ ਚ ਆਪਣੀ ਯੋਗ ਥਾਂ ਬਣਾ ਸਕਦੇ ਹਨ। ਵਿੱਦਿਆ ਸਮਾਜ ਦਾ ਆਧਾਰ ਹੈ। ਉੱਚ ਵਿੱਦਿਆ ਸੰਸਥਾਵਾਂ ਨਾਲ ਜੁੜਨਾ ਸਮੇ ਦੀ ਲੋੜ ਹੀ ਨਹੀਂ, ਬਲਕਿ ਨਾ ਟਾਲੇ ਜਾ ਸਕਣ ਵਾਲੀ ਮਜਬੂਰੀ ਵੀ ਹੈ।

ਕਾਲਜ ਦੀ 10 ਏਕੜ 'ਚ ਬਣੀ ਵਿਸ਼ਾਲ ਖੂਬਸੂਰਤ ਅਤਿ ਆਧੁਨਿਕ ਸਹੂਲਤਾਂ ਨਾਲ ਭਰਪੂਰ ਇਮਾਰਤ ਵਿਦਿਆਰਥੀਆਂ ਦੀ ਹਰ ਜਰੂਰਤ ਨੂੰ ਪੂਰਾ ਕਰਦੀ ਹੈ । ਕੋਰਸਾਂ ਦੀਆਂ ਲੋੜਾਂ ਮੁਤਾਬਿਕ ਕੰਪਿਊਟਰ ਤੇ ਸਾਇੰਸ ਪ੍ਰਯੋਗਸ਼ਾਲਾ (**Labs**) ਹਨ। ਕੰਪਿਊਟਰ ਪ੍ਰਯੋਗਸ਼ਲਾਵਾਂ 'ਚ ਉੱਤਮ ਅਤੇ ਵਿਕਸਿਤ ਤਕਨੀਕ ਵਾਲੇ ਕੰਪਿਊਟਰ ਹਨ। ਇਕ ਵਿਸ਼ਾਲ ਅਲਟਰਾ ਮਾਡਰਨ ਲਾਇਬਰੇਰੀ ਹੈ ਜਿਸ ਵਿੱਚ 100 ਦੇ ਕਰੀਬ ਵਿਦਿਆਰਥੀਆਂ ਦੇ ਬੈਠਣ ਦੀ ਸਮੱਰਥਾ ਹੈ ਇੱਥੇ ਅਖ਼ਬਾਰਾਂ, ਰਸਾਲੇ, ਮੈਗਜ਼ੀਨ ਆਦਿ ਪੜ੍ਹਨ ਦਾ ਉਚਿਤ ਪ੍ਰਬੰਧ ਹੈ। ਬਿਜਲੀ ਦੀ ਲੋੜ ਪੂਰੀ ਕਰਨ ਲਈ ਕਾਲਜ ਦਾ ਆਪਣਾ ਟਰਾਂਸਫਾਰਮਰ ਤੇ ਜਨਰੇਟਰ ਹੈ । ਖਾਣ ਪੀਣ ਦੀ ਸਹੂਲਤ ਲਈ ਕਾਲਜ 'ਚ ਕੰਟੀਨ ਦਾ ਵਿਸ਼ੇਸ਼ ਪ੍ਰਬੰਧ ਹੈ । ਫਿਲਟਰ ਅਤੇ ਵਾਟਰ ਕੂਲਰ ਦਾ ਉਚਿਤ ਪ੍ਰਬੰਧ ਹੈ। ਬੱਚਿਆ ਦੀ ਸੁਰੱਖਿਅਤਾ ਲਈ **C.C.TV** ਕੈਮਰਿਆਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਕਾਲਜ ਕੋਲ ਵਿਸ਼ਾਲ ਖੇਡ ਗ੍ਰਾਉਂਡ ਜਿਵੇ : ਬੈਡਮਿੰਟਨ ਕੋਰਟ, ਵਾਲੀਬਾਲ, ਬਾਸਕਟਬਾਲ, ਦੌੜ ਟਰੈਕ ਦਾ ਉਚਿਤ ਪ੍ਰਬੰਧ ਹੈ।

# ਕਾਲਜ ਦੇ ਮੁੱਖ ਉਦੇਸ਼

1. ਮਿਆਰੀ ਅਤੇ ਸਸਤੀ ਵਿਦਿਆ ਦੇਣਾ।
2. ਯੂਨੀਵਰਸਿਟੀ ਵੱਲੋਂ ਨਿਰਧਾਰਿਤ ਸਿਲੇਬਸ ਅਨੁਸਾਰ ਵਿਦਿਆ ਪ੍ਰਦਾਨ ਕਰਨਾ।
3. ਯੂ.ਜੀ.ਸੀ., ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਸਿੱਖਿਆ ਵਿਭਾਗ ਦੇ ਨਿਰਦੇਸ਼ਾ ਦਾ ਪਾਲਣਾ ਕਰਨਾ।
4. ਨਵੇਂ ਯੁੱਗ ਦੀਆਂ ਲੋੜਾਂ ਅਤੇ ਨਵੀਂ ਤਕਨੀਕ ਅਨੁਸਾਰ ਕਦਮ ਨਾਲ ਕਦਮ ਮਿਲਾ ਕੇ ਚੱਲਣਾ।
5. ਨੈਤਿਕਤਾ, ਤਿਆਗ, ਕੁਰਬਾਨੀ ਅਤੇ ਸੇਵਾ-ਭਾਵ ਵਾਲੀਆਂ ਕਦਰਾਂ ਕੀਮਤਾ ਉੱਤੇ ਬਲ ਦੇਣਾ।
6. ਵਿੱਦਿਆ ਸੰਬੰਧੀ ਸ਼ਾਂਤ ਅਤੇ ਖ਼ੁਸਗਵਾਰ ਮਾਹੌਲ ਸਥਾਪਿਤ ਕਰਨਾ।
7. ਖੇਡਾਂ ਅਤੇ ਸਭਿਆਚਾਰਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ।
8. ਭਾਰਤ ਅਤੇ ਪੰਜਾਬ ਦੀਆਂ ਮਹਾਨ ਸ਼ਖਸ਼ੀਅਤਾਂ ਸੰਬੰਧੀ ਜਾਣਕਾਰੀ ਦੇਣਾ।
9. ਪੰਜਾਬੀ ਭਾਸ਼ਾ ਅਤੇ ਸਭਿਆਚਾਰਕ ਦੇ ਵਾਧੇ ਲਈ ਯਤਨਸ਼ੀਲ ਰਹਿਣਾ।
10. ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣਾ।


ਸੁਖਮਨੀ ਸਾਹਿਬ ਜੀ ਦੇ ਪਾਠ ਸਮੇਂ ਗ੍ਰੰਥੀ ਸਿੰਘ ਪਾਠ ਕਰਦੇ ਹੋਏ


ਸਲਾਨਾ ਖੇਡ ਸਮਾਰੋਹ ਵਿੱਚ ਆਏ ਹੋਏ ਮੁੱਖ ਮਹਿਮਾਨਾਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰ. ਸਾਹਿਬ ਅਤੇ ਪ੍ਰੋਫੈਸਰ ਸਾਹਿਬਾਨ




ਸਲਾਨਾ ਖੇਡ ਮੁਕਾਬਲਿਆਂ ਵਿੱਚ ਭਾਗ ਲੈਂਦੇ ਹੋਏ ਕਾਲਜ ਵਿਦਿਆਰਥੀ


ਕਾਲਜ ਅਸੈਂਬਲੀ ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਿੰ. ਸਾਹਿਬ




ਸੱਤ ਰੋਜ਼ਾ ਐਨ.ਐਸ.ਐਸ. ਕੈਂਪ ਦੇ ਸਮਾਪਤੀ ਸਮਾਰੋਹ ਦੌਰਾਨ ਆਏ ਮੁੱਖ ਮਹਿਮਾਨ ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰ. ਸਾਹਿਬ ਅਤੇ ਸਮੂਹ ਸਟਾਫ


ਫੈਸ਼ਨ ਡਿਜ਼ਾਇਨਿੰਗ ਵਿਭਾਗ ਦੇ ਵਿਦਿਆਰਥੀ ਰੱਖੜੀ ਅਤੇ ਮਹਿੰਦੀ ਪ੍ਰਤੀਯੋਗਤਾ ਵਿੱਚ ਹਿਸਾ ਲੈਂਦੇ ਹੋਏ




ਅੰਤਰ -ਰਾਸ਼ਟਰੀ ਮਹਿਲਾ ਦਿਵਸ ਮੌਕੇ
ਪ੍ਰਿੰਸੀਪਲ ਡਾ .ਵੀ. ਕੇ .ਸਿੰਘ ਅਤੇ ਸਮੂਹ ਸਟਾਫ



ਰੂਸਾ ਸਪਾਂਸਰਡ ਸੈਮੀਨਾਰ ਮੌਕੇ ਡਾ. ਅਨੀਸ਼ ਦੂਆ ਅਤੇ ਡਾ. ਰਾਜਬੀਰ ਸਿੰਘ
ਨੂੰ ਸਨਮਾਨਿਤ ਕਰਦੇ ਹੋਏ ਪ੍ਰੋ. ਡਾ. ਸਰੋਜ ਅਰੋੜਾ ਅਤੇ ਡਾ. ਵੀ.ਕੇ ਸਿੰਘ



ਤੀਆਂ ਦੇ ਤਿਉਹਾਰ ਮੌਕੇ ਆਏ ਮਹਿਮਾਨਾਂ ਨਾਲ ਸਮੂਹ ਸਟਾਫ਼



ਕਾਲਜ ਦੀ ਵਾਲੀਬਾਲ ਟੀਮ



ਬਾਬਾ ਨਾਮਦੇਵ ਜੀ ਦੇ ਜਨਮ ਦਿਹਾੜੇ ਮੌਕੇ ਨਗਰ ਕੀਰਤਨ ਅਤੇ ਗੁਰਦੁਆਰਾ ਸਾਹਿਬ
ਨਮ-ਮਸਤਕ ਹੁੰਦੇ ਕਾਲਜ ਸਟਾਫ਼ ਅਤੇ ਵਿਦਿਆਰਥੀ




ਕਾਲਜ ਵਿੱਚ ਦਿਵਾਲੀ ਉਤਸਵ ਮਨਾਉਂਦੇ ਹੋਏ ਸਟਾਫ਼ ਅਤੇ ਵਿਦਿਆਰਥੀ




ਅਧਿਆਪਕ ਦਿਵਸ ਦੌਰਾਨ ਪ੍ਰਿੰ. ਸਾਹਿਬ ਅਤੇ ਸਮੂਹ ਸਟਾਫ਼



ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਵਿਸ਼ੇਸ਼ ਲੈਕਚਰ



ਯੋਗਾ ਦਿਵਸ ਮਨਾਉਂਦੇ ਹੋਏ ਕਾਲਜ ਸਟਾਫ਼ ਅਤੇ ਵਿਦਿਆਰਥੀ



ਤੀਆਂ ਦਾ ਤਿਉਹਾਰ ਮਨਾਉਂਦੀਆਂ ਕਾਲਜ ਵਿਦਿਆਰਥਣਾਂ



GNDU ਦੁਆਰਾ ਕਰਵਾਏ ਗਏ ਅੰਤਰ ਕਾਲਜ ਪਹਿਰਾਵਾ
ਮੁਕਾਬਲੇ ਦੇ ਕਾਲਜ ਜੇਤੂ ਵਿਦਿਆਰਥੀ

# ਕਾਲਜ ਸਟਾਫ਼




### ਪੰਜਾਬੀ ਵਿਭਾਗ
ਪ੍ਰੋ. ਕਰਮਜੀਤ ਕੌਰ
ਪ੍ਰੋ. (ਡਾ.) ਸੁਖਵਿੰਦਰ ਕੌਰ
ਪ੍ਰੋ. ਸੰਦੀਪ ਕੌਰ
ਪ੍ਰੋ. ਮਨਦੀਪ ਕੌਰ
ਪ੍ਰੋ. (ਡਾ.) ਹਰਦਵਿੰਦਰ ਸਿੰਘ

### ਅੰਗਰੇਜ਼ੀ ਵਿਭਾਗ
ਪ੍ਰੋ. ਸੰਦੀਪ ਕੌਰ
ਪ੍ਰੋ. ਗੁਰਨੀਰ ਕੌਰ

### ਹਿਸਟਰੀ ਵਿਭਾਗ
ਪ੍ਰੋ. ਕਿਰਨਪ੍ਰੀਤ ਕੌਰ

### ਪੋਲਿਟੀਕਲ ਸਾਇੰਸ ਵਿਭਾਗ
ਪ੍ਰੋ. ਮੀਨਾਕਸ਼ੀ

### ਇਕਨਾਮਿਕਸ ਵਿਭਾਗ
ਪ੍ਰੋ. ਕਿਰਨਜੀਤ ਕੌਰ

### ਕਾਮਰਸ ਵਿਭਾਗ
ਪ੍ਰੋ. ਧੀਰਜ਼ ਗਿਰੀ
ਪ੍ਰੋ. ਲਵਪ੍ਰੀਤ ਕੌਰ
ਪ੍ਰੋ. ਸਿਮਰਨ ਕੌਰ

### ਗਣਿਤ ਵਿਭਾਗ
ਪ੍ਰੋ. ਰਵਨੀਤ ਕੌਰ
ਪ੍ਰੋ. ਅਮਰਪ੍ਰੀਤ ਸਿੰਘ

### ਫਿਜੀਕਲ ਐਜੂਕੇਸ਼ਨ ਵਿਭਾਗ
ਪ੍ਰੋ. ਰਾਜਵਿੰਦਰ ਸਿੰਘ

### ਕੰਪਿਊਟਰ ਸਾਇੰਸ ਵਿਭਾਗ
ਪ੍ਰੋ. ਸ਼ਮਸ਼ੇਰ ਸਿੰਘ
ਪ੍ਰੋ. ਨਵਨੀਤ ਕੌਰ
ਪ੍ਰੋ. ਨਵਜੋਤ ਕੌਰ
ਪ੍ਰੋ. ਪਰਦੀਪ ਕੌਰ

### ਫਿਜਿਕਸ ਵਿਭਾਗ
ਪ੍ਰੋ. ਗੁਰਪ੍ਰੀਤ ਕੌਰ

### ਕਮਿਸਟਰੀ ਵਿਭਾਗ
ਪ੍ਰੋ. ਲਖਵਿੰਦਰ ਕੌਰ

### ਜੁਆਲੋਜੀ ਵਿਭਾਗ
ਪ੍ਰੋ. ਰੋਹਨ ਬਜਾਜ

### ਬੋਟਨੀ ਵਿਭਾਗ
ਪ੍ਰੋ. ਦਲਜੀਤ ਕੌਰ

### ਫੈਸ਼ਨ ਡਿਜਾਇਨਿੰਗ ਵਿਭਾਗ
ਪ੍ਰੋ. ਰਾਜਵਿੰਦਰ ਕੌਰ

### (ਦਫ਼ਤਰੀ ਸਟਾਫ਼)
ਮਿ. ਗੁਰਪ੍ਰੀਤ ਸਿੰਘ
(ਸੀ.ਸੀ.ਜੇ.ਡੀ.ਈ.ਓ)
ਮਿ. ਸੰਨੀ ਬਮੋਤਰਾ (ਅਕਾਊਂਟ ਕਲਰਕ)

# ਕਾਲਜ ਵਿੱਚ ਅਕਾਦਮਿਕ ਕੋਰਸ

# ਗ੍ਰੈਜੂਏਸ਼ਨ ਪ੍ਰੋਗਰਾਮ

**(ਸੈਸ਼ਨ 2024-25 ਤੋਂ ਐਨ.ਈ.ਪੀ. 2020 ਲਾਗੂ)**

## ਬੈਚੂਲਰ ਆਫ਼ ਆਰਟਸ (ਬੀ.ਏ. ਆਨਰਜ) (ਮਿਆਦ-8 ਸਮੈਸਟਰ)

**ਯੋਗਤਾ:** ਵਿਦਿਆਰਥੀ ਨੇ 10+2 ਦੀ ਪ੍ਰੀਖਿਆ ਘੱਟੋ-ਘੱਟ 40% ਨੰਬਰਾਂ ਨਾਲ ਪਾਸ ਕੀਤੀ ਹੋਵੇ। ਜੇਕਰ ਵਿਦਿਆਰਥੀ ਦੀ 10+2 ਵਿਚੋਂ ਕਿਸੇ ਵਿਸ਼ੇ ਵਿੱਚੋ ਕੰਪਾਰਟਮੈਂਟ ਹੈ ਤਾਂ 31-12-26 ਤੱਕ ਹੱਲ ਕਰਨੀ ਜਰੂਰੀ ਹੋਵੇਗੀ।

**ਵਿਸ਼ੇਂ :-**

**(ੳ) ਲਾਜ਼ਮੀ ਵਿਸ਼ੇ**

1. ਐੱਮ.ਡੀ.ਸੀ / ਏ.ਈ.ਸੀ-1- 2. ਐਸ.ਈ.ਸੀ./ਵੀ.ਏ.ਸੀ-1-

3. ਪੰਜਾਬੀ

**(ਅ) ਚੋਣਵੇਂ ਵਿਸ਼ੇ:** ਹਰ ਵਿਦਿਆਰਥੀ ਹੇਠ ਲਿਖਿਆਂ ਵਿੱਚੋਂ ਕੁਲ ਤਿੰਨ ਵਿਸ਼ੇ ਚੁਣੇਗਾ । ਵਿਸ਼ਿਆਂ ਦੇ ਹਰੇਕ ਗਰੁੱਪ ਵਿੱਚੋਂ ਕੋਈ ਇੱਕ ਵਿਸ਼ਾ ਚੁਣਿਆ ਜਾ ਸਕਦਾ ਹੈ।

1. ਇਲੈਕਟਿਵ ਪੰਜਾਬੀ / ਇਲੈਕਟਿਵ ਇੰਗਲਿਸ਼

2. ਇਕਨਾਮਿਕਸ 3. ਰਾਜਨੀਤੀ ਸ਼ਾਸ਼ਤਰ

4. ਸਰੀਰਕ ਸਿੱਖਿਆ/ਕੰਪਿਊਟਰ ਸਾਇੰਸ

5. ਹਿਸਟਰੀ / ਗਣਿਤ

**ਡਰੱਗ ਅਬਊਜ**- ਸਿਰਫ਼ ਸਮੈਸਟਰ 1 ਦੇ ਵਿਦਿਆਰਥੀਆਂ ਲਈ ਲਾਜਮੀ ਹੈ।

**ਵਾਤਾਵਰਨ ਸੰਬੰਧੀ ਅਧਿਐਨ** - ਸਿਰਫ਼ ਸਮੈਸਟਰ 3 ਦੇ ਵਿਦਿਆਰਥੀਆ ਲਈ ਲਾਜ਼ਮੀ ਹੈ।

**ਮਨੁੱਖੀ ਅਧਿਕਾਰ** - ਸਿਰਫ਼ ਸਮੈਸਟਰ 5 ਦੇ ਵਿਦਿਆਰਥੀਆਂ ਲਈ ਲਾਜਮੀ ਹੈ।

## ਬੀ.ਐਸ.ਸੀ.ਮੈਡੀਕਲ ਆਨਰਜ (ਮਿਆਦ-8 ਸਮੈਸਟਰ)

**ਯੋਗਤਾ:** ਵਿਦਿਆਰਥੀ ਨੇ ਮੈਡੀਕਲ ਗਰੁੱਪ (10+2) ਵਿਚੋਂ ਘੱਟੋ ਘੱਟ 40% ਨੰਬਰਾਂ ਨਾਲ ਪਾਸ ਕੀਤੀ ਹੋਵੇ। ਜੇਕਰ ਵਿਦਿਆਰਥੀ ਦੀ 10+2 ਵਿੱਚੋਂ ਕਿਸੇ ਵਿਸ਼ੇ ਵਿੱਚੋਂ ਕੰਪਾਰਟਮੈਂਟ ਹੈ ਤਾਂ 31-12-26 ਤੱਕ ਹੱਲ ਕਰਨੀ ਜ਼ਰੂਰੀ ਹੋਵੇਗੀ)

**ਵਿਸ਼ੇਂ :-**

1. ਐਮ.ਡੀ.ਸੀ / ਏ.ਈ.ਸੀ-1- 2.ਐਸ.ਈ.ਸੀ. / ਵੀ.ਏ.ਸੀ-1-

3. ਪੰਜਾਬੀ 4. ਬੋਟਨੀ 5. ਜ਼ੂਲੋਜੀ 6. ਕੈਮਿਸਟਰੀ

**ਡਰਗ ਅਬਊਜ**- ਸਿਰਫ ਸਮੈਸਟਰ 1 ਲਈ ਲਾਜ਼ਮੀ ਹੈ।

**ਵਾਤਾਵਰਨ ਸੰਬੰਧੀ ਅਧਿਐਨ**- ਸਿਰਫ਼ ਸਮੈਸਟਰ 3 ਲਈ ਲਾਜ਼ਮੀ ਹੈ।

**ਮਨੁੱਖੀ ਅਧਿਕਾਰ** - ਸਿਰਫ਼ ਸਮੈਸਟਰ 5 ਦੇ ਵਿਦਿਆਰਥੀਆਂ ਲਈ ਲਾਜਮੀ ਹੈ।

## ਬੀ.ਐਸ.ਸੀ.ਨਾਨ-ਮੈਡੀਕਲ ਆਨਰਜ (ਮਿਆਦ-8 ਸਮੈਸਟਰ)

**ਯੋਗਤਾ:**- ਵਿਦਿਆਰਥੀ ਨੇ ਨਾਨ- ਮੈਡੀਕਲ ਗਰੁੱਪ 10+2) ਵਿੱਚੋ ਘੱਟੋ ਘੱਟ 40% ਨੰਬਰਾਂ ਨਾਲ ਪਾਸ ਕੀਤੀ ਹੋਵੇ। ਜੇਕਰ ਵਿਦਿਆਰਥੀ ਦੀ 10+2 ਵਿੱਚੋ ਕਿਸੇ ਵਿਸ਼ੇ ਵਿੱਚੋਂ ਕੰਪਾਰਟਮੈਂਟ ਹੈ ਤਾਂ 31-12-26 ਤੱਕ ਹੱਲ ਕਰਨੀ ਜ਼ਰੂਰੀ ਹੋਵੇਗੀ।

**ਵਿਸ਼ੇਂ :-**

1. ਐਮ.ਡੀ.ਸੀ / ਏ.ਈ.ਸੀ-1- 2. ਐਸ.ਈ.ਸੀ. / ਵੀ.ਏ.ਸੀ-1-

3. ਪੰਜਾਬੀ 4. ਗਣਿਤ 5. ਕੈਮਿਸਟਰੀ 6. ਫਿਜ਼ਿਕਸ

**ਡਰੱਗ ਅਬਊਜ**- ਸਿਰਫ਼ ਸਮੈਸਟਰ 1 ਲਈ ਲਾਜਮੀ ਹੈ।

**ਵਾਤਾਵਰਨ ਸੰਬੰਧੀ ਅਧਿਐਨ**- ਸਿਰਫ਼ ਸਮੈਸਟਰ 3 ਲਈ ਲਾਜ਼ਮੀ ਹੈ।

**ਮਨੁੱਖੀ ਅਧਿਕਾਰ** - ਸਿਰਫ਼ ਸਮੈਸਟਰ 5 ਦੇ ਵਿਦਿਆਰਥੀਆਂ ਲਈ ਲਾਜਮੀ ਹੈ।

## ਬੀ. ਐਸ.ਸੀ. ਕੰਪਿਊਟਰ ਸਾਇੰਸ ਆਨਰਜ (ਮਿਆਦ-8 ਸਮੈਸਟਰ)

**ਯੋਗਤਾ:**- ਵਿਦਿਆਰਥੀ ਨੇ ਨਾਨ - ਮੈਡੀਕਲ ਗਰੁੱਪ (10+2) ਵਿੱਚੋਂ ਘੱਟੋ ਘੱਟ 40 % ਨੰਬਰਾਂ ਨਾਲ ਪਾਸ ਕੀਤੀ ਹੋਵੇ। ਜੇਕਰ ਵਿਦਿਆਰਥੀ ਦੀ 10+2 ਵਿੱਚੋਂ ਕਿਸੇ ਵਿਸ਼ੇ ਵਿੱਚੋਂ ਕੰਪਾਰਟਮੈਂਟ ਹੈ ਤਾਂ 31-12-26 ਤੱਕ ਹੱਲ ਕਰਨੀ ਜ਼ਰੂਰੀ ਹੋਵੇਗੀ।

**ਵਿਸ਼ੇਂ :-**

1. ਐਮ.ਡੀ.ਸੀ / ਏ.ਈ.ਸੀ-1- 2. ਐਸ.ਈ.ਸੀ. / ਵੀ.ਏ.ਸੀ-1-

3. ਪੰਜਾਬੀ 4. ਸੀ.ਐਸ 5.ਗਣਿਤ

6. ਭੌਤਿਕ ਵਿਗਿਆਨ

**ਡਰੱਗ ਅਬਊਜ**- ਸਿਰਫ ਸਮੈਸਟਰ 1 ਦੇ ਲਈ ਲਾਜ਼ਮੀ ਹੈ।

**ਵਾਤਾਵਰਨ ਸੰਬੰਧੀਤ ਅਧਿਐਨ**- ਸਿਰਫ ਸਮੈਸਟਰ 3 ਦੇ ਲਈ ਲਾਜਮੀ ਹੈ।

**ਮਨੁੱਖੀ ਅਧਿਕਾਰ** - ਸਿਰਫ਼ ਸਮੈਸਟਰ 5 ਦੇ ਵਿਦਿਆਰਥੀਆਂ ਲਈ ਲਾਜਮੀ ਹੈ।

## ਬੀ.ਐਸ.ਸੀ. (ਫੈਸ਼ਨ ਡਿਜਾਇਨਿੰਗ ਆਨਰਜ) (ਮਿਆਦ-8 ਸਮੈਸਟਰ)

**ਯੋਗਤਾ**:- ਵਿਦਿਆਰਥੀ 10+2 ਦੀ ਪ੍ਰੀਖਿਆ ਘੱਟੋ - ਘੱਟ 40 % ਨੰਬਰਾਂ ਨਾਲ ਪਾਸ ਕੀਤੀ ਹੋਵੇ। ਜੇਕਰ ਵਿਦਿਆਰਥੀ ਦੀ 10+2 ਵਿੱਚੋਂ ਕਿਸੇ ਵਿਸ਼ੇ ਵਿੱਚੋ ਕੰਪਾਰਟਮੈਟ ਹੈ ਤਾਂ 31-12-26 ਤੱਕ ਹੱਲ ਕਰਨੀ ਜਰੂਰੀ ਹੋਵੇਗੀ।

**ਵਿਸ਼ੇਂ** :- ਯੂਨੀਵਰਸਿਟੀ ਸਿਲੇਬਸ ਅਨੁਸਾਰ

**ਡਰੱਗ ਅਬਊਜ**- ਸਿਰਫ ਸਮੈਸਟਰ 1 ਦੇ ਲਈ ਲਾਜ਼ਮੀ ਹੈ।

**ਵਾਤਾਵਰਨ ਸੰਬੰਧੀ ਅਧਿਐਨ**- ਸਿਰਫ ਸਮੈਸਟਰ 3 ਦੇ ਲਈ ਲਾਜਮੀ ਹੈ।

**ਮਨੁੱਖੀ ਅਧਿਕਾਰ** - ਸਿਰਫ਼ ਸਮੈਸਟਰ 5 ਦੇ ਵਿਦਿਆਰਥੀਆਂ ਲਈ ਲਾਜਮੀ ਹੈ।

## ਬੀ.ਕਾਮ. ਆਨਰਜ (ਮਿਆਦ-8 ਸਮੈਸਟਰ)

**ਯੋਗਤਾ**- ਵਿਦਿਆਰਥੀ ਨੇ 10+2 ਦੀ ਪ੍ਰੀਖਿਆ ਘੱਟੋ-ਘੱਟ 40 % ਨੰਬਰਾਂ ਨਾਲ ਪਾਸ ਕੀਤੀ ਹੋਵੇ। ਜੇਕਰ ਵਿਦਿਆਰਥੀ ਦੀ 10+2 ਵਿੱਚੋਂ ਕਿਸੇ ਵਿਸ਼ੇ ਵਿੱਚੋਂ ਕੰਪਾਰਟਮੈਂਟ ਹੈ ਤਾਂ 31-12-26 ਤੱਕ ਹੱਲ ਕਰਨੀ ਜ਼ਰੂਰੀ ਹੋਵੇਗੀ।

**ਵਿਸ਼ੇਂ** :-

1. ਐਮ.ਡੀ.ਸੀ / ਏ.ਈ.ਸੀ-1-
2. ਐਸ.ਈ.ਸੀ. / ਵੀ.ਏ.ਸੀ-1-
3. ਪੰਜਾਬੀ

**ਵਿਸ਼ੇਂ** :- ਯੂਨੀਵਰਸਿਟੀ ਸਿਲੇਬਸ ਅਨੁਸਾਰ

**ਡਰੱਗ ਅਬਊਜ** - ਸਿਰਫ਼ ਸਮੈਸਟਰ 2 ਦੇ ਲਈ ਲਾਜ਼ਮੀ ਹੈ।

**ਵਾਤਾਵਰਨ ਸੰਬੰਧੀ ਅਧਿਐਨ** - ਸਿਰਫ਼ 4 ਸਮੈਸਟਰ ਦੇ ਲਈ ਲਾਜਮੀ ਹੈ।

**ਮਨੁੱਖੀ ਅਧਿਕਾਰ** - ਸਿਰਫ਼ ਸਮੈਸਟਰ 5 ਦੇ ਵਿਦਿਆਰਥੀਆਂ ਲਈ ਲਾਜਮੀ ਹੈ।

## ਬੀ.ਸੀ.ਏ ਆਨਰਜ (ਮਿਆਦ-8 ਸਮੈਸਟਰ)

**ਯੋਗਤਾ**:- ਵਿਦਿਆਰਥੀ 10+2 ਦੀ ਪ੍ਰਖਿਆ ਘੱਟੋ-ਘੱਟ 40% ਨੰਬਰਾ ਨਾਲ ਪਾਸ ਕੀਤੀ ਹੋਵੇ। ਜੇਕਰ ਵਿਦਿਆਰਥੀ ਦੀ 10+2 ਵਿੱਚੋਂ ਕਿਸੇ ਵਿਸ਼ੇ ਵਿੱਚ ਕੰਪਾਰਟਮੈਂਟ ਹੈ ਤਾਂ 31-12-26 ਤੱਕ ਹੱਲ ਕਰਨੀ ਜ਼ਰੂਰੀ ਹੋਵੇਗੀ।

**ਵਿਸ਼ੇਂ** :- ਯੂਨੀਵਰਸਿਟੀ ਸਿਲੇਬਸ ਅਨੁਸਾਰ

**ਡਰੱਗ ਅਬਊਜ** - ਸਿਰਫ ਸਮੈਸਟਰ 2 ਦੇ ਲਈ ਲਾਜ਼ਮੀ ਹੈ।

**ਵਾਤਾਵਰਨ ਸੰਬੰਧੀ ਅਧਿਐਨ**- ਸਿਰਫ਼ ਸਮੈਸਟਰ 4 ਦੇ ਲਈ ਲਾਜ਼ਮੀ ਹੈ।

**ਮਨੁੱਖੀ ਅਧਿਕਾਰ** - ਸਿਰਫ਼ ਸਮੈਸਟਰ 5 ਦੇ ਵਿਦਿਆਰਥੀਆਂ ਲਈ ਲਾਜਮੀ ਹੈ।

# ਪੋਸਟ ਗ੍ਰੈਜੂਏਸ਼ਨ ਕੋਰਸ

## ਐਮ.ਏ. ਪੰਜਾਬੀ (ਮਿਆਦ-4 ਸਮੈਸਟਰ)

**ਯੋਗਤਾ**:- BA Hons. ਜਾਂ BA ਵਿਚੋ Elective Punjabi / Functional Punjabi ਵਿਚੋ ਘੱਟੋ ਘਟ 45% ਨੰਬਰ ਹੋਣੇ ਲਾਜ਼ਮੀ ਹਨ ਜਾਂ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋ 10+2+3 ਸਿਸਟਮ ਅਧੀਨ ਘੱਟੋ ਘੱਟ 50% ਨੰਬਰ ਹੋਣੇ ਲਾਜ਼ਮੀ ਹਨ।

**ਵਿਸ਼ੇਂ** :- ਯੂਨੀਵਰਸਿਟੀ ਸਿਲੇਬਸ ਅਨੁਸਾਰ

# ਸਰਟੀਫਿਕੇਟ ਕੋਰਸ

## ਪੀ.ਜੀ.ਡੀ.ਸੀ.ਏ. (ਮਿਆਦ-2 ਸਮੈਸਟਰ)

**ਯੋਗਤਾ**:- ਵਿਦਿਆਰਥੀ ਨੇ ਗਰੈਜ਼ੁਏਸ਼ਨ 50 % ਨੰਬਰਾਂ ਨਾਲ ਪਾਸ ਕੀਤੀ ਹੋਵੇ।

**ਵਿਸ਼ੇਂ**:- ਯੂਨੀਵਰਸਿਟੀ ਸਿਲੇਬਸ ਅਨੁਸਾਰ

## ਸੀ.ਸੀ.ਏ (ਮਿਆਦ-2 ਸਮੈਸਟਰ)

**ਯੋਗਤਾ**:- ਵਿਦਿਆਰਥੀ ਨੇ 10+2 ਵਿੱਚੋਂ 40% ਨੰਬਰ ਹਾਸਿਲ ਕੀਤੇ ਹੋਣ।

**ਵਿਸ਼ੇਂ** - ਯੂਨੀਵਰਸਿਟੀ ਸਿਲੇਬਸ ਅਨੁਸਾਰ

## ਸਟੀਚਿੰਗ ਐਂਡ ਟੇਲਰਿੰਗ (ਮਿਆਦ-2 ਸਮੈਸਟਰ)

**ਯੋਗਤਾ** - ਵਿਦਿਆਰਥੀ ਨੇ 10+2 ਵਿੱਚ 40% ਨੰਬਰ ਹਾਸਿਲ ਕੀਤੇ ਹੋਣ।

**ਵਿਸ਼ੇਂ** :- ਯੂਨੀਵਰਸਿਟੀ ਸਿਲੇਬਸ ਅਨੁਸਾਰ

## ਕਾਲਜ ਦੇ ਵਿਦਿਆਰਥੀਆਂ ਲਈ ਅਤਿ ਜਰੂਰੀ ਨਿਰਦੇਸ਼

1. ਦਾਖਲਾ ਫਾਰਮ ਭਰਨ ਤੋਂ ਪਹਿਲਾਂ ਵਿਦਿਆਰਥੀਆਂ ਤੇ ਮਾਪਿਆਂ ਲਈ ਪ੍ਰਾਸਪੈਕਟਸ ਚੰਗੀ ਤਰ੍ਹਾਂ ਪੜ੍ਹ ਲੈਣਾ ਜਰੂਰੀ ਹੈ।
2. ਕਾਲਜ ਅਨੁਸ਼ਾਸਨ ਭੰਗ ਕਰਨ ਵਾਲੇ ਕਿਸੇ ਵੀ ਵਿਦਿਆਰਥੀ ਦੇ ਖਿਲਾਫ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ।
3. ਸਮੈਸਟਰ ਪ੍ਰੀਖਿਆ ਵਿਚ ਬੈਠਣ ਲਈ ਵਿਦਿਆਰਥੀ ਨੂੰ ਯੂਨੀਵਰਸਿਟੀ ਵਲੋ ਨਿਰਧਾਰਤ ਸਾਰੀਆਂ ਸ਼ਰਤਾ ਦੀ ਪੂਰਤੀ ਕਰਨੀ ਲਾਜ਼ਮੀ ਹੋਵੇਗੀ।ਇਹ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਿਦਿਆਰਥੀ ਨੂੰ ਯੂਨੀਵਰਸਿਟੀ ਦੀ ਪ੍ਰੀਖਿਆ ਵਿਚ ਬੈਠਣ ਦੀ ਆਗਿਆ ਨਹੀਂ ਦਿਤੀ ਜਾਵੇਗੀ।
4. ਕਾਲਜ ਸੰਪਤੀ ਅਤੇ ਕਾਲਜ ਕੈਂਪਸ ਦੀ ਸਾਂਭ ਸੰਭਾਲ ਹਰ ਵਿਦਿਆਰਥੀ ਦਾ ਬੁਨਿਆਦੀ ਫਰਜ਼ ਹੈ।
5. ਕਾਲਜ ਵਿਚ ਹਰ ਵਿਦਿਆਰਥੀ ਲਈ ਹਰ ਰੋਜ਼ ਸ਼ਨਾਖਤੀ ਕਾਰਡ ਲਿਆਉਣਾ ਜਰੂਰੀ ਹੈ।
6. ਵਿਦਿਆਰਥੀ ਦੇ ਆਪਣੇ ਹਿੱਤ ਵਿਚ ਹੈ ਕਿ ਉਹ ਹਰ ਰੋਜ਼ ਨੇਮ ਨਾਲ ਨੋਟਿਸ ਬੋਰਡ ਪੜ੍ਹਨ। ਕਾਲਜ ਵਿਚ ਹਰ ਸੂਚਨਾ ਕੇਵਲ ਨੋਟਿਸ ਬੋਰਡ 'ਤੇ ਹੀ ਲਗਾਈ ਜਾਂਦੀ ਹੈ। ਨੋਟਿਸ ਬੋਰਡ ਨਾ ਪੜ੍ਹਨ ਦੀ ਸੂਰਤ ਵਿਚ ਕਿਸੇ ਵੀ ਸੂਚਨਾ ਦੇ ਨਾ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ ।
7. ਵਿਦਿਆਰਥੀ ਦਾ ਪਿਤਾ/ਸ੍ਰਪਰਸਤ ਸੈਸ਼ਨ ਦੌਰਾਨ ਸਮੇ ਸਮੇ ਆਪਣੇ ਵਾਰਡ ਦੀ ਅਕਾਦਮਿਕ ਪ੍ਰਗਤੀ ਅਤੇ ਆਮ ਜਾਣਕਾਰੀ ਲਈ ਕਾਲਜ ਪ੍ਰਸ਼ਾਸ਼ਨ ਨਾਲ ਲਾਜ਼ਮੀ ਸੰਪਰਕ ਕਰੇਗਾ ਅਜਿਹਾ ਨਾ ਹੋਣ ਦੀ ਸੂਰਤ ਵਿਚ ਉਸਦੇ ਵਾਰਡ ਸਬੰਧੀ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਦੀ ਜਿਮੇਵਾਰੀ ਇਸ ਦਫ਼ਤਰ ਦੀ ਨਹੀ ਹੋਵੇਗੀ।
8. ਕਾਲਜ ਸਬੰਧੀ ਹਰ ਪ੍ਰਕਾਰ ਦੇ ਬਣੇ ਬਕਾਏ ਅਤੇ ਫੀਸਾਂ ਦੇ ਭੁਗਤਾਨ ਦੀ ਜਿੰਮੇਵਾਰੀ ਵਿਦਿਆਰਥੀ ਦੇ ਪਿਤਾ ਜਾਂ ਸ੍ਰਪਰਸਤ ਦੀ ਹੋਵੇਗੀ। ਸਮੇ ਸਿਰ ਭੁਗਤਾਨ ਨਾ ਕਰਨ ਦੀ ਸੂਰਤ ਵਿਚ ਵਿਦਿਆਰਥੀ ਦੇ ਨੁਕਸਾਨ ਦੀ ਜਿੰਮੇਵਾਰੀ ਇਸ ਦਫਤਰ ਦੀ ਨਹੀ ਹੋਵੇਗੀ।
9. ਦਾਖ਼ਲੇ ਸਮੇਂ ਪ੍ਰਗਟ ਤੱਥਾਂ ਦੇ ਬਾਅਦ ਵਿਚ ਕਿਸੇ ਵੀ ਸਮੇਂ ਗਲਤ ਸਾਬਤ ਹੋਣ ਦੀ ਹਾਲਤ ਵਿੱਚ ਵਿਦਿਆਰਥੀ ਵਿਰੁਧ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ।
10. ਵਿਦਿਆਰਥੀ ਕਾਲਜ ਵਿਚ ਕੋਈ ਵੀ ਅਜਿਹੀ ਰਾਜਨੀਤਕ ਗਤੀਵਿਧੀਆਂ ਨਹੀਂ ਕਰਨਗੇ ਜਿਸ ਨਾਲ ਪੜ੍ਹਾਈ ਦਾ ਨੁਕਸਾਨ ਹੋਵੇ।
11. ਕਾਲਜ ਵਿਚ ਕਿਸੇ ਪ੍ਰਕਾਰ ਦਾ ਨਸ਼ਾ ਕਰਨਾ,ਮੋਬਾਇਲ ਫੋਨ ਦੀ ਵਰਤੋਂ ਕਰਨਾ ਅਤੇ ਫੋਟੋਗ੍ਰਾਫੀ ਕਰਨਾ ਸਖਤ ਮਨਾਂ ਹੈ।ਅਜਿਹਾ ਕਰਨ ਦੀ ਸੂਰਤ ਵਿਚ ਵਿਦਿਆਰਥੀ ਅਨੁਸ਼ਾਸਨੀ ਕਾਰਵਾਈ/ਜੁਰਮਾਨੇ ਦਾ ਭਾਗੀਦਾਰ ਹੋਵੇਗਾ।
12. ਰੈਗਿੰਗ ਸਖ਼ਤ ਮਨ੍ਹਾ ਹੈ। ਰੈਗਿੰਗ ਸਬੰਧੀ ਗਤੀਵਿਧੀਆ ਵਿਚ ਭਾਗ ਲੈਣ ਵਾਲੇ ਵਿਦਿਆਰਥੀਆ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਇਨ੍ਹਾਂ ਵਿਦਿਆਰਥੀਆਂ ਨੂੰ ਕਾਲਜ ਵਿਚੋਂ ਨਿਲੰਬਿਤ ਵੀ ਕੀਤਾ ਜਾ ਸਕਦਾ ਹੈ।
13. ਜੇਕਰ ਕੋਈ ਵਿਦਿਆਰਥੀ ਲਗਾਤਾਰ 10 ਦਿਨ ਕਾਲਜ ਦੇ ਦਫ਼ਤਰ ਨੂੰ ਸੂਚਿਤ ਕੀਤੇ ਬਿਨ੍ਹਾਂ ਕਾਲਜ ਤੋਂ ਗੈਰ ਹਾਜਿਰ ਰਹਿੰਦਾ ਹੈ ਤਾਂ ਉਸਦਾ ਦਾਖਲਾ ਰੱਦ ਕਰ ਦਿਤਾ ਜਾਵੇਗਾ।

## CARRY ON SYSTEM FOR VARIOUS SEMESTER EXAMINATION

- **Courses having two semester duration :** a) There shall be no condition for promoting a student from first semester to second semester.

b). In case a student fails to pass all the courses/papers within a period of two semesters (One Year), he/she shall be given two consecutive semesters (One Year) more to pass.

- **Courses having four semester durations :** a). There shall be no condition for promoting a student from first semester to second semester.

b). However the student shall be promoted to the third semester only if he/she has passed at least 50% courses/papers of the first two semesters.

c). There shall be no condition for promoting a student from third semester to fourth semester.

d). In case a student fails to pass all the courses/papers within a period of four semesters (Two Years), he/she shall be given four consecutive semesters (Two Years) more to pass.

- **Courses having six semester duration :** a). There shall be no condition for promoting a student from first semester to second semester.

b). However, the student shall be promoted to the third semester only if he/she has passed atleast 50% courses/papers of the first two semesters.

c). There shall be no condition for promoting a student from third semester to fourth semester.

d). However a student shall be promoted to fifth semester only if he/she has passed ateast 50% courses/papers of the first four semesters.

e). There shall be no condition for promoting a student from fifth semester to sixth semester. After a period of six semesters the students shall be given a period of two consecutive years to pass.

## ਕਾਲਜ ਦੇ ਘਰੇਲੂ ਇਮਤਿਹਾਨਾ ਸੰਬੰਧੀ ਨਿਯਮ

1. ਕਾਲਜ ਦੇ ਘਰੇਲੂ ਇਮਤਿਹਾਨ ਯੂਨੀਵਰਸਿਟੀ ਦੀਆ ਹਦਾਇਤਾ ਅਨੁਸਾਰ ਲਏ ਜਾਣਗੇ ਅਤੇ ਇਹ ਇਮਤਿਹਾਨ ਕਾਲਜ ਦੇ ਹਰ ਵਿਦਿਆਰਥੀ ਲਈ ਲਾਜਮੀ ਹਨ।
2. ਇਮਤਿਹਾਨਾਂ ਵਿਚ ਸੂਚਨਾ ਦਿੱਤੇ ਬਿਨਾ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਭਾਰੀ ਜੁਰਮਾਨਾ ਹੋਵੇਗਾ।
3. ਜੇਕਰ ਕੋਈ ਵਿਦਿਆਰਥੀ ਘਰੇਲੂ ਪ੍ਰੀਖਿਆਵਾ ਵਿਚ ਕਿਸੇ ਅਚਨਚੇਤ ਜਾ ਨਾ ਟਲਨ ਵਾਲੇ ਹਲਾਤਾ ਕਾਰਨ ਇਮਤਿਹਾਨ ਨਾ ਦੇ ਕੇ ਸਕੇ, ਉਸਨੂੰ ਦੁਬਾਰਾ ਇਮਤਿਹਾਨ ਦੇਣ ਦਾ ਮੌਕਾ ਦੇਣਾ ਪ੍ਰਿੰਸੀਪਲ ਦੇ ਅਧਿਕਾਰ ਖੇਤਰ ਵਿੱਚ ਹੋਵੇਗਾ।

## ਯੂਨੀਵਰਸਿਟੀ ਇਮਤਿਹਾਨਾ ਸੰਬੰਧੀ ਨਿਯਮ

1. ਯੂਨੀਵਰਸਿਟੀ ਇਮਤਿਹਾਨਾਂ ਵਿੱਚ ਬੈਠਣ ਲਈ ਵਿਦਿਆਰਥੀ ਨੂੰ ਘਰੇਲੂ ਇਮਤਿਹਾਨਾਂ ਦੇ ਹਰੇਕ ਵਿਸ਼ੇ ਵਿੱਚ ਘੱਟ ਤੋਂ ਘੱਟ 35% ਅੰਕ ਜਾ ਕੁੱਲ ਅੰਕਾ ਦਾ 35% ਅੰਕ ਪ੍ਰਾਪਤ ਕਰਨੇ ਜਰੂਰੀ ਹਨ।
2. ਵਿਦਿਆਰਥੀ ਲਈ ਯੂਨੀਵਰਸਿਟੀ ਇਮਤਿਹਾਨਾ ਵਿੱਚ ਬੈਠਣ ਲਈ ਘੱਟੋ ਘੱਟ 75% ਹਾਜ਼ਰੀ ਲਾਜਮੀ ਹੈ ਇਹ ਸ਼ਰਤਾ ਪੈਕਟੀਕਲ ਵਿਸ਼ਿਆ ਉੱਪਰ ਵੀ ਲਾਗੂ ਹੁੰਦੀਆ ਹਨ।
3. ਇਮਤਿਹਾਨਾਂ ਅਤੇ ਹਾਜ਼ਰੀ ਸੰਬੰਧੀ ਘੱਟੋ-ਘੱਟ ਸ਼ਰਤਾ ਪੂਰੀਆ ਨਾ ਕਰਨ ਵਾਲੇ ਵਿਦਿਆਰਥੀ ਰੋਲ ਨੰਬਰ ਲੈਣ ਦੇ ਅਤੇ ਇਮਤਿਹਾਨਾਂ ਵਿੱਚ ਬੈਠਣ ਦੇ ਹੱਕਦਾਰ ਨਹੀਂ ਸਮਝੇ ਜਾਣਗੇ ।

## ਛੁੱਟੀ ਸੰਬੰਧੀ ਨਿਯਮ

1. ਆਮ ਤੌਰ ਤੇ ਤਿੰਨ ਦਿਨਾਂ ਤੋ ਵੱਧ ਛੁੱਟੀ ਨਹੀ ਦਿੱਤੀ ਜਾਵੇਗੀ। ਤਿੰਨ ਦਿਨਾਂ ਤੋਂ ਵਧੇਰੇ ਛੁੱਟੀ ਲੈਣ ਲਈ ਪ੍ਰਿੰਸੀਪਲ ਸਾਹਿਬ ਦੀ ਅਗੇਤਰੀ ਮਨਜ਼ੂਰੀ ਲਾਜ਼ਮੀ ਹੋਵੇਗੀ।
2. ਅਰਜੀ ਉੱਤੇ ਪਿਤਾ ਜਾਂ ਗਾਰਡੀਅਨ ਦੇ ਦਸਤਖਤ ਹੋਣੇ ਜਰੂਰੀ ਹਨ।
3. ਹਫ਼ਤੇ ਤੋਂ ਵੱਧ ਬਿਮਾਰੀ ਦੀ ਛੁੱਟੀ ਲਈ ਯੋਗ ਮੈਡੀਕਲ ਅਫ਼ਸਰ ਦਾ ਪ੍ਰਮਾਣ ਪੱਤਰ ਦੇਣਾ ਜ਼ਰੂਰੀ ਹੈ।

## ਕਾਲਜ ਲਾਇਬ੍ਰੇਰੀ ਸੰਬੰਧੀ ਨਿਯਮ

1. ਹਰ ਵਿਦਿਆਰਥੀ ਨੂੰ 2 ਹੀ ਪੁਸਤਕਾਂ 15 ਦਿਨਾਂ ਲਈ ਮਿਲ ਸਕਦੀਆਂ ਹਨ। ਕਿਤਾਬਾਂ ਨਾ ਵਾਪਸ ਕਰਨ ਦੀ ਸੂਰਤ ਵਿੱਚ ਪੰਦਰਾਂ ਦਿਨਾਂ ਤੋਂ ਬਾਅਦ 1 ਰੁਪਿਆ ਰੋਜ਼ਾਨਾ ਜੁਰਮਾਨਾ ਹੋਵੇਗਾ।
2. ਲਾਇਬ੍ਰੇਰੀ ਇੰਚਾਰਜ ਕਿਸੇ ਵੀ ਸਮੇਂ ਪੁਸਤਕ ਵਾਪਸ ਵੀ ਮੰਗਵਾ ਸਕਦਾ ਹੈ।
3. ਵਿਦਿਆਰਥੀ ਤੋਂ ਪੁਸਤਕ ਗੁਆਚਣ ਜਾਂ ਖਰਾਬ ਹੋਣ ਦੀ ਸੂਰਤ ਵਿੱਚ ਉਸ ਨੂੰ ਪੁਸਤਕ ਦੇ ਬਦਲੇ ਨਵੀਂ ਪੁਸਤਕ ਦਾ ਵਰਤਮਾਨ ਮੁੱਲ ਭਰਨਾ ਪਵੇਗਾ।
4. ਸ਼ਨਾਖਤੀ ਕਾਰਡ ਤੋਂ ਬਿਨ੍ਹਾਂ ਪੁਸਤਕ ਨਹੀਂ ਮਿਲੇਗੀ ਅਤੇ ਨਾ ਹੀ ਵਿਦਿਆਰਥੀ ਲਾਇਬ੍ਰੇਰੀ ਵਿੱਚ ਬੈਠ ਸਕਣਗੇ।
5. ਲਾਇਬ੍ਰੇਰੀ ਸ਼ਨਾਖਤੀ ਕਾਰਡ ਗਵਾਚਣ ਦੀ ਸੂਰਤ ਵਿੱਚ ਪ੍ਰਿੰਸੀਪਲ ਦੀ ਆਗਿਆ ਅਤੇ ਨਿਰਧਾਰਿਤ ਜੁਰਮਾਣੇ ਨਾਲ ਹੀ ਡੁਪਲੀਕੇਟ ਕਾਰਡ ਦਿੱਤਾ ਜਾਵੇਗਾ।
6. ਲਾਇਬਰੇਰੀ ਵਿੱਚ ਸ਼ਾਤੀ ਬਣਾ ਕੇ ਰੱਖਣਾ ਜਰੂਰੀ ਹੋਵੇਗੀ।
7. ਲਾਇਬਰੇਰੀ ਵਿੱਚ ਖਾਣ-ਪੀਣ ਵਾਲੀਆ ਚੀਜ਼ਾ ਦੀ ਮਨਾਹੀ ਹੈ।
8. ਮੋਬਾਇਲ ਫੋਨ ਦੀ ਵਰਤੋਂ ਤੇ ਸਖਤ ਪਾਬੰਦੀ ਹੈ।
9. ਅੰਡਰ ਗਰੈਜੁਏਸ਼ਨ ਕਲਾਸਾਂ ਦੇ ਵਿਦਿਆਰਥੀਆ ਨੂੰ 2 ਤੇ ਪੋਸਟ ਗਰੈਜੁਏਸ਼ਨ ਨੂੰ 3 ਕਿਤਾਬਾ ਜਾਰੀ ਕੀਤੀਆ ਜਾਣਗੀਆ।
10. ਕਿਤਾਬਾ ਨੂੰ ਸਾਫ-ਸੁਥਰਾ ਰੱਖਿਆ ਜਾਵੇ।
11. ਪ੍ਰੀਖਿਆਵਾਂ ਤੋ ਪਹਿਲਾਂ ਵਿਦਿਆਰਥੀਆਂ ਨੂੰ ਆਪਣਾ ਲਾਇਬਰੇਰੀ ਕਾਰਡ ਜਮ੍ਹਾ ਕਰਾਉਣਾ ਹੋਵੇਗਾ।

# ਸੈਸ਼ਨ 2025-26 ਕਾਲਜ ਗਤੀਵਿਧੀਆਂ

1. **ਏਕ ਪੇੜ ਮਾਂ ਕੇ ਨਾਮ' ਮੁਹਿੰਮ ਤਹਿਤ ਪੌਦੇ ਲਗਾਉਣਾ:** ਮਿਤੀ 11-06-2025 ਨੂੰ ਪ੍ਰਿੰਸੀਪਲ ਡਾ. ਵੀ. ਕੇ. ਸਿੰਘ ਦੀ ਸਰਪ੍ਰਸਤੀ ਹੇਠ ਈਕੋ ਕਲੱਬ ਦੀ ਇੰਚਾਰਜ ਪ੍ਰੋ. ਦਲਜੀਤ ਕੌਰ ਦੀ ਨਿਗਰਾਨੀ ਹੇਠ ਵਿਸ਼ਵ ਵਾਤਾਵਰਨ ਦਿਵਸ ਨੂੰ ਸਮਰਪਿਤ ਮੁਹਿੰਮ 'ਏਕ ਪੇੜ ਮਾਂ ਕੇ ਨਾਮ' ਤਹਿਤ ਕਾਲਜ ਕੈਂਪਸ ਵਿਖੇ ਵੱਖ-ਵੱਖ ਪੌਦੇ ਲਗਾਏ ਗਏ। ਇਸ ਮੌਕੇ ਵਿਦਿਆਰਥੀਆਂ ਨੂੰ ਨਵੇਂ ਪੌਦੇ ਲਗਾਉਣ ਅਤੇ ਪੁਰਾਣੇ ਪੌਦਿਆਂ ਦੀ ਸਾਂਭ-ਸੰਭਾਲ ਲਈ ਵੀ ਪ੍ਰੇਰਿਤ ਕੀਤਾ ਗਿਆ।

2. **ਕੌਮਾਂਤਰੀ ਯੋਗਾ ਦਿਵਸ:** ਮਿਤੀ 21-06-2025 ਨੂੰ ਪ੍ਰਿੰਸੀਪਲ ਡਾ. ਵੀ. ਕੇ. ਸਿੰਘ ਅਤੇ ਐਨ. ਐਸ. ਐਸ. ਯੂਨਿਟ ਦੀ ਇੰਚਾਰਜ ਪ੍ਰੋ. ਕਿਰਨਪ੍ਰੀਤ ਕੌਰ ਦੇ ਸਾਂਝੇ ਯਤਨਾਂ ਸਦਕਾ ਕਾਲਜ ਕੈਂਪਸ ਵਿਖੇ ਕੌਮਾਂਤਰੀ ਯੋਗਾ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰੋ. ਕਿਰਨਪ੍ਰੀਤ ਕੌਰ ਦੁਆਰਾ ਵਿਦਿਆਰਥੀਆਂ ਨੂੰ ਜੀਵਨ ਵਿਚ ਯੋਗਾ ਦੇ ਮਹੱਤਵ ਤੋਂ ਜਾਣੂ ਕਰਵਾਇਆ ਗਿਆ।

3. **ਰੱਖੜੀ ਬਣਾਉਣ ਅਤੇ ਮਹਿੰਦੀ ਲਗਾਉਣ ਦੇ ਮੁਕਾਬਲੇ:** ਮਿਤੀ 08-08-2025 ਨੂੰ ਕਾਲਜ ਕੈਂਪਸ ਵਿਖੇ ਪ੍ਰਿੰਸੀਪਲ ਡਾ. ਵੀ. ਕੇ. ਸਿੰਘ ਦੀ ਅਗਵਾਈ ਹੇਠ ਅਤੇ ਫੈਸ਼ਨ ਡਿਜ਼ਾਇਨਿੰਗ ਦੀ ਇੰਚਾਰਜ ਪ੍ਰੋ. ਰਾਜਵਿੰਦਰ ਕੌਰ ਦੇ ਸਹਿਯੋਗ ਨਾਲ ਰੱਖੜੀ ਬਣਾਉਣ ਅਤੇ ਮਹਿੰਦੀ ਲਗਾਉਣ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਵਿਦਿਆਰਥਣਾਂ ਦੁਆਰਾ ਵੱਖ-ਵੱਖ ਤਰ੍ਹਾਂ ਦੀ ਸਮੱਗਰੀ ਦੀ ਵਰਤੋਂ ਕਰਦੇ ਹੋਏ ਰੱਖੜੀਆਂ ਤਿਆਰ ਕੀਤੀਆਂ ਗਈਆਂ।

4. **ਯੂਨੀਵਰਸਿਟੀ ਦੁਆਰਾ ਕਰਵਾਏ ਗਏ ਅੰਤਰ-ਕਾਲਜ ਮੁਕਾਬਲੇ ਵਿਚ ਮੱਲ੍ਹਾਂ:** ਮਿਤੀ 12-08-2025 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੁਆਰਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਕਰਵਾਏ ਗਏ ਅੰਤਰ-ਕਾਲਜ ਮੁਕਾਬਲਿਆਂ ਵਿਚ ਕਾਲਜ ਦੇ ਵਿਦਿਆਰਥੀ ਜਸਵਿੰਦਰ ਸਿੰਘ ਨੇ 'ਪੰਜਾਬੀ ਪਹਿਰਾਵਾ' ਮੁਕਾਬਲੇ ਵਿਚ ਦੂਸਰਾ ਸਥਾਨ ਹਾਸਿਲ ਕਰ ਕੇ ਕਾਲਜ ਦਾ ਮਾਣ ਵਧਾਇਆ।

5. **ਐਮ. ਏ. ਪੰਜਾਬੀ ਦੀਆਂ ਵਿਦਿਆਰਥਣਾਂ ਦੀਆਂ ਪ੍ਰਾਪਤੀਆਂ:** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੁਆਰਾ ਐਲਾਨੇ ਗਏ ਐਮ. ਏ. ਪੰਜਾਬੀ ਦੇ ਨਤੀਜਿਆਂ ਵਿਚ ਕਾਲਜ ਦੀਆਂ ਹੋਣਹਾਰ ਵਿਦਿਆਰਥਣਾਂ ਦੁਆਰਾ ਮੈਰਿਟ ਸੂਚੀ ਵਿਚ ਯੂਨੀਵਰਸਿਟੀ ਵਿਚੋਂ ਤੀਜਾ ਅਤੇ ਚੌਥਾ ਸਥਾਨ ਹਾਸਿਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਗਿਆ।

6. **ਤੀਆਂ ਦਾ ਤਿਉਹਾਰ:** ਮਿਤੀ 14-08-2025 ਨੂੰ ਪ੍ਰਿੰਸੀਪਲ ਡਾ. ਵੀ. ਕੇ. ਸਿੰਘ ਦੀ ਅਗਵਾਈ ਹੇਠ ਅਤੇ ਕੋ-ਆਰਡੀਨੇਟਰ ਸੰਦੀਪ ਕੌਰ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ ਜਿਸ ਵਿਚ ਡਾ. ਸਸ਼ੀ ਬਾਲਾ (ਪ੍ਰਿੰਸੀਪਲ ਸਰਕਾਰੀ ਕਾਲਜ, ਟਾਂਡਾ) ਨੇ ਮੁੱਖ-ਮਹਿਮਾਨ ਵਜੋਂ, ਪ੍ਰੋ. ਰਮਿੰਦਰਜੀਤ ਕੌਰ ਅਤੇ ਮੈਡਮ ਕੁਲਵੰਤ ਕੌਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ 'ਤੀਆਂ ਧੀਆਂ ਦੀਆਂ' ਵਿਸ਼ੇ ਉਪਰ ਡਾ. ਸਸ਼ੀ ਬਾਲਾ ਦੁਆਰਾ ਆਪਣੇ ਬਹੁਮੁਲੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਵਿਦਿਆਰਥੀਆਂ ਨੂੰ ਆਪਣੇ ਵਿਰਸੇ ਤੇ ਸਭਿਆਚਾਰ ਨੂੰ ਸੰਭਾਲਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਪ੍ਰੋ. ਡਾ. ਸੁਖਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਤੀਆਂ ਦੇ ਤਿਉਹਾਰ ਦੇ ਇਤਿਹਾਸਿਕ ਪੱਖ ਬਾਰੇ ਜਾਣੂ ਕਰਵਾਇਆ ਅਤੇ ਵਿਦਿਆਰਥੀਆਂ ਦੁਆਰਾ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।

7. **ਨੁੱਕੜ ਨਾਟਕ ਦੀ ਪੇਸ਼ਕਾਰੀ:** ਮਿਤੀ 05-09-2025 ਨੂੰ ਪ੍ਰਿੰਸੀਪਲ ਡਾ. ਵੀ. ਕੇ. ਸਿੰਘ ਦੀ ਰਹਿਨੁਮਾਈ ਹੇਠ ਪ੍ਰੋ. ਨਵਨੀਤ ਕੌਰ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿਖੇ ਨਵ ਚਿੰਤਨ ਕਲਾ ਮੰਚ ਬਿਆਸ ਦੀ ਟੀਮ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨੁੱਕੜ ਨਾਟਕ 'ਸੱਚਾ ਗੁਰੂ ਲਾਧੋ ਰੇ' ਦੀ ਪੇਸ਼ਕਾਰੀ ਕੀਤੀ ਗਈ, ਜਿਸ ਰਾਹੀਂ ਕਲਾਕਾਰਾਂ ਦੁਆਰਾ ਗੁਰੂ ਤੇਗ ਬਹਾਦਰ ਜੀ ਦੀ ਸਖ਼ਸ਼ੀਅਤ, ਵਿਚਾਰਧਾਰਾ ਅਤੇ ਪਾਖੰਡੀ ਸਾਧੂਆਂ ਵਿਚੋਂ ਸੱਚੇ ਗੁਰੂ ਦੀ ਭਾਲ ਨੂੰ ਨਾਟਕ ਦੇ ਵਿਸ਼ੇ ਵਜੋਂ ਪੇਸ਼ ਕੀਤਾ ਗਿਆ।

8. **ਇਨਵੈਸਟਮੈਂਟ ਆਫ਼ ਮਨੀ' ਵਿਸ਼ੇ 'ਤੇ ਸੈਮੀਨਾਰ:** ਮਿਤੀ 20-09-2025 ਨੂੰ ਪ੍ਰਿੰਸੀਪਲ ਡਾ. ਵੀ. ਕੇ. ਸਿੰਘ ਦੀ ਰਹਿਨੁਮਾਈ ਹੇਠ ਕਾਲਜ ਕੈਂਪਸ ਵਿਖੇ 'ਇਨਵੈਸਟਮੈਂਟ ਆਫ਼ ਮਨੀ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਮੁੱਖ ਵਕਤਾ ਭਗਵੰਤ ਸਿੰਘ ਨੇ ਵਿਦਿਆਰਥੀਆਂ ਨੂੰ ਬਚਤ ਅਤੇ ਮੁਦਰਾ ਬਾਰੇ ਜਾਣਕਾਰੀ ਦਿੱਤੀ।

9. **ਸ੍ਰੀ ਸੁਖਮਨੀ ਸਾਹਿਬ ਦਾ ਪਾਠ:** ਮਿਤੀ 25-09-2025 ਨੂੰ ਕਾਲਜ ਕੈਂਪਸ ਵਿਖੇ ਪ੍ਰਿੰ. ਡਾ. ਵੀ. ਕੇ. ਸਿੰਘ ਦੀ ਅਗਵਾਈ ਵਿਚ ਸਮੂਹ ਸਟਾਫ ਤੇ ਵਿਦਿਆਰਥੀਆਂ ਦੇ ਸਾਂਝੇ ਯਤਨਾਂ ਨਾਲ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕਰਵਾਏ
ਗਏ। ਇਸ ਮੌਕੇ ਕਾਲਜ ਵਿਦਿਆਰਥੀਆਂ ਵਲੋਂ ਕਵੀਸ਼ਰੀ ਗਾਇਨ ਅਤੇ ਕੀਰਤਨ ਦਾ ਗਾਇਨ ਕੀਤਾ ਗਿਆ।

10. **ਅੰਤਰ ਕਾਲਜ ਵਾਲੀਬਾਲ ਮੁਕਾਬਲੇ ਵਿਚ ਹਿੱਸਾ:** ਮਿਤੀ 11-10-2025 ਨੂੰ ਪ੍ਰਿੰਸੀਪਲ ਡਾ. ਵੀ. ਕੇ. ਸਿੰਘ ਦੀ ਰਹਿਨੁਮਾਈ ਅਤੇ ਪ੍ਰੋ. ਰਾਜਵਿੰਦਰ ਸਿੰਘ ਰਿਆੜ ਦੀ ਦੇਖ-ਰੇਖ ਹੇਠ ਸਰਕਾਰੀ ਕਾਲਜ, ਗੁਰਦਾਸਪੁਰ ਦੁਆਰਾ ਕਰਵਾਏ ਗਏ ਅੰਤਰ ਕਾਲਜ ਵਾਲੀਬਾਲ ਮੁਕਾਬਲੇ ਵਿਚ ਵਿਦਿਆਰਥੀਆਂ ਦੁਆਰਾ ਹਿੱਸਾ ਲਿਆ ਗਿਆ।

11. **ਯੁਵਕ ਮੇਲੇ ਵਿਚ ਜਿੱਤੀ ਰਨਰ-ਅੱਪ ਟਰਾਫ਼ੀ:** ਮਿਤੀ 16-10-2025 ਤੋਂ ਮਿਤੀ 18-10-2025 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੁਆਰਾ ਕਰਵਾਏ ਗਏ ਤਿੰਨ ਰੋਜ਼ਾ ਯੁਵਕ ਮੇਲੇ ਵਿਚ ਕਾਲਜ ਦੁਆਰਾ ਰਨਰ-ਅੱਪ ਟਰਾਫ਼ੀ
ਜਿੱਤੀ ਗਈ, ਜਿਸ ਵਿਚ ਬੱਚਿਆਂ ਦੁਆਰਾ 23 ਗਤੀਵਿਧੀਆਂ ਵਿਚ ਹਿੱਸਾ ਲਿਆ ਗਿਆ ਜਿਨ੍ਹਾਂ ਵਿਚੋਂ ਫੁਲਕਾਰੀ ਵਿਚ ਪਹਿਲਾ, ਭੰਗੜਾ, ਕਵੀਸ਼ਰੀ, ਕਵਿਤਾ ਉਚਾਰਨ, ਕੋਰਿਓਗ੍ਰਾਫੀ, ਰੰਗੋਲੀ ਵਿਚ ਦੂਸਰਾ ਅਤੇ ਸ਼ਬਦ ਗਾਇਨ, ਐਲੋਕੇਸ਼ਨ, ਮਮਿਕਰੀ, ਕੋਲਾਜ਼ ਮੇਕਿੰਗ, ਪੇਂਟਿੰਗ ਓਨ ਦਾ ਸਪੋਟ ਵਿਚ ਤੀਸਰਾ ਸਥਾਨ ਹਾਸਿਲ ਕਰਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ।

12. **ਨੈਤਿਕ ਸਿੱਖਿਆ ਇਮਤਿਹਾਨ ਵਿਚ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ:** ਮਿਤੀ 17-10-2025 ਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਦੁਆਰਾ ਕਰਵਾਏ ਗਏ ਨੈਤਿਕ ਸਿੱਖਿਆ ਇਮਤਿਹਾਨ ਵਿਚ ਕਾਲਜ ਦੇ ਵਿਦਿਆਰਥੀਆਂ ਦੁਆਰਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ।

13. **ਜਾਗਰੁਕਤਾ ਮੁਹਿੰਮ:** ਮਿਤੀ 27-10-2025 ਨੂੰ ਕਾਲਜ ਕੈਂਪਸ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੁਆਰਾ ਚਲਾਈ ਗਈ ਜਾਗਰੁਕਤਾ ਮੁਹਿੰਮ ਵਿਚ ਚੀਫ਼ ਵਿਜੀਲੈਂਸ ਅਫ਼ਸਰ ਦੁਆਰਾ ਸਮੂਹ ਕਾਲਜ ਸਟਾਫ਼ ਅਤੇ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਹਮੇਸ਼ਾ ਸਹੀ ਰਸਤੇ 'ਤੇ ਚੱਲਣ ਸਬੰਧੀ ਸਹੁੰ ਚੁਕਾਈ ਗਈ।

14. **ਵਿਸੇਸ਼ ਲੈਕਚਰ ਦਾ ਆਯੋਜਨ:** ਮਿਤੀ 29-10-2025 ਨੂੰ ਕਾਲਜ ਕੈਂਪਸ ਵਿਖੇ ਡਾ. ਵੀ. ਕੇ. ਸਿੰਘ ਦੀ ਅਗਵਾਈ ਹੇਠ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰੂ ਸਾਹਿਬ ਦੇ ਜੀਵਨ ਅਤੇ ਵਿਚਾਰਧਾਰਾ ਸਬੰਧੀ ਵਿਸੇਸ਼ ਲੈਕਚਰ ਕਰਵਾਇਆ ਗਿਆ ਜਿਸ ਵਿਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਚੇਅਰਮੈਨ ਭਾਈ ਬਲਜੀਤ ਸਿੰਘ, ਸੁਖਵਿੰਦਰ ਸਿੰਘ, ਕਰਨੈਲ ਸਿੰਘ ਅਤੇ ਇੰਦਰਜੀਤ ਸਿੰਘ ਬਾਜਵਾ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਵਿਸੇਸ਼ ਬੁਲਾਰੇ ਭਾਈ ਬਲਜੀਤ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਬਾਲਪਨ, ਦਿਆਲੂ ਸੁਭਾਅ, ਸ਼ਹਾਦਤ, ਸਰਬ ਸਾਂਝੀਵਾਲਤਾ ਅਤੇ ਬਾਣੀ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।

15. **ਨਗਰ ਕੀਰਤਨ ਵਿਚ ਸ਼ਮੂਲੀਅਤ:** ਮਿਤੀ 01-11-2025 ਨੂੰ ਕਾਲਜ ਪ੍ਰਿੰ. ਡਾ. ਵੀ. ਕੇ. ਸਿੰਘ ਦੀ ਅਗਵਾਈ ਹੇਠ ਸਮੂਹ ਸਟਾਫ ਅਤੇ ਵਿਦਿਆਰਥੀਆਂ ਦੁਆਰਾ ਭਗਤ ਨਾਮਦੇਵ ਜੀ ਦੇ 755ਵੇਂ ਜਨਮ ਦਿਹਾੜੇ ਨੂੰ ਸਮਰਪਿਤ ਸਜਾਏ ਗਏ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ ਗਈ।

16. **ਸੰਵਿਧਾਨ ਦਿਵਸ ਮਨਾਇਆ:** ਮਿਤੀ 26-11-2025 ਨੂੰ ਪ੍ਰਿੰ. ਡਾ. ਵੀ. ਕੇ. ਸਿੰਘ ਦੀ ਰਹਿਨੁਮਾਈ ਹੇਠ ਐਨ. ਐਸ. ਐਸ. ਯੂਨਿਟ ਦੀ ਇੰਚਾਰਜ ਪ੍ਰੋ. ਕਿਰਨਪ੍ਰੀਤ ਕੌਰ ਦੇ ਸਹਿਯੋਗ ਨਾਲ ਕਾਲਜ ਵਿਚ ਸੰਵਿਧਾਨ ਦਿਵਸ ਮਨਾਇਆ ਗਿਆ ਜਿਸ ਵਿਚ ਪ੍ਰਿੰ. ਡਾ. ਵੀ. ਕੇ. ਸਿੰਘ ਦੁਆਰਾ ਵਿਦਿਆਰਥੀਆਂ ਨੂੰ ਇਸ ਦਿਵਸ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਵੀ ਕਰਵਾਏ ਗਏ।

17. **ਵਿਸ਼ਵ ਏਡਜ਼ ਦਿਵਸ ਸਬੰਧੀ ਪ੍ਰੋਗਰਾਮ:** ਮਿਤੀ 01-12-2025 ਨੂੰ ਕਾਲਜ ਪ੍ਰਿੰ. ਡਾ. ਵੀ. ਕੇ. ਸਿੰਘ ਦੀ ਅਗਵਾਈ ਹੇਠ ਐਨ. ਐਸ. ਐਸ. ਯੂਨਿਟ ਦੀ ਇੰਚਾਰਜ ਪ੍ਰੋ. ਕਿਰਨਪ੍ਰੀਤ ਕੌਰ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿਖੇ ਵਿਸ਼ਵ ਏਡਜ਼ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰੋ. ਕਿਰਨਪ੍ਰੀਤ ਕੌਰ ਦੁਆਰਾ ਏਡਜ਼ ਦੇ ਫੈਲਣ ਦੇ ਕਾਰਨ, ਇਸ ਦੀ ਰੋਕਥਾਮ ਅਤੇ ਏਡਜ਼ ਦੇ ਮਰੀਜ਼ਾਂ ਪ੍ਰਤੀ ਸਾਡਾ ਰਵੱਈਆ ਕੀ ਹੋਣਾ ਚਾਹੀਦਾ ਹੈ, ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ।

18. **ਐਨ. ਐਸ. ਐਸ. ਸੱਤ ਰੋਜ਼ਾ ਕੈਂਪ:** ਮਿਤੀ 18-12-2025 ਤੋਂ 24-12-2025 ਤੱਕ ਕਾਲਜ ਵਲੋਂ ਪ੍ਰਿੰ. ਡਾ. ਵੀ. ਕੇ. ਸਿੰਘ ਦੀ ਅਗਵਾਈ ਹੇਠ ਪ੍ਰੋ. ਕਿਰਨਪ੍ਰੀਤ ਕੌਰ ਅਤੇ ਪ੍ਰੋ. ਰਾਜਵਿੰਦਰ ਸਿੰਘ ਰਿਆੜ ਦੀ ਦੇਖ-ਰੇਖ ਹੇਠ ਸਰਕਾਰੀ ਪ੍ਰਾਇਮਰੀ ਸਕੂਲ, ਪੇਜੋਚੱਕ ਵਿਖੇ ਸੱਤ ਰੋਜ਼ਾ ਐਨ. ਐਸ. ਐਸ. ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਕੁਲਦੀਪ ਕੁਮਾਰ ਸ਼ਰਮਾ (ਰਿਟਾਇਰਡ ਪ੍ਰਿੰਸੀਪਲ ਐਸ. ਬੀ. ਐਸ ਕਾਲਜ, ਕੋਟਕਪੂਰਾ) ਨੇ ਮੁੱਖ ਮਹਿਮਾਨ ਵਜੋਂ ਅਤੇ ਮੈਡਮ ਮੀਨਾਕਸ਼ੀ ਸ਼ਰਮਾ ਨੇ ਵਿਸੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋ. ਕਿਰਨਪ੍ਰੀਤ ਕੌਰ ਨੇ ਇਸ ਕੈਂਪ ਦੌਰਾਨ ਪਿੰਡ ਪੇਜੋਚੱਕ ਵਿਖੇ ਇਨ੍ਹਾਂ ਸੱਤ ਦਿਨਾਂ ਦੌਰਾਨ ਵਿਦਿਆਰਥੀਆਂ ਦੁਆਰਾ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ।
'

19. **ਇਨਵੈਸਟਰ ਅਵੇਅਰਨੈੱਸ ਪ੍ਰੋਗਰਾਮ' ਵਿਸ਼ੇ 'ਤੇ ਸੈਮੀਨਾਰ:** ਮਿਤੀ 29-01-2026 ਨੂੰ ਕਾਲਜ ਕੈਂਪਸ ਵਿਖੇ ਐਨ. ਐਸ. ਈ. ਮਿਉਚਲ ਫ਼ੰਡ ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਮੁੱਖ ਵਕਤਾ ਵਿਕਾਸ ਸੋਫਤ ਦੁਆਰਾ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਮਿਉਚਲ ਫ਼ੰਡਾਂ ਬਾਰੇ ਜਾਣਕਾਰੀ ਦਿੱਤੀ ਗਈ।

20. **ਜੈਵਿਕ ਵਿਭਿੰਨਤਾ ਦੀ ਸਾਂਭ-ਸੰਭਾਲ ਸਬੰਧੀ ਸੈਮੀਨਾਰ:** ਮਿਤੀ 30-01-2026 ਨੂੰ ਕਾਲਜ ਕੈਂਪਸ ਵਿਖੇ ਵਾਇਸ ਚਾਂਸਲਰ ਡਾ. ਕਰਮਜੀਤ ਸਿੰਘ ਅਤੇ ਡੀਨ ਕਾਲਜ ਵਿਕਾਸ ਕੌਂਸਲ ਪ੍ਰੋ. ਡਾ. ਸਰੋਜ ਅਰੋੜਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜੈਵਿਕ ਵਿਭਿੰਨਤਾ ਦੀ ਸਾਂਭ-ਸੰਭਾਲ ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਰੂਸਾ ਦੁਆਰਾ ਸਪਾਂਸਰ ਇਸ ਸੈਮੀਨਾਰ ਦੀ ਪ੍ਰਧਾਨਗੀ ਕਾਲਜ ਪ੍ਰਿੰ. ਅਤੇ ਕਨਵੀਨਰ ਡਾ. ਵੀ. ਕੇ. ਸਿੰਘ ਦੁਆਰਾ ਕੀਤੀ ਗਈ। ਸੈਮੀਨਾਰ ਦੇ ਮੁੱਖ ਵਕਤਾ ਪ੍ਰੋ. ਅਨੀਸ਼ ਦੁਆ ਨੇ ਜੈਵਿਕ ਵਿਭਿੰਨਤਾ ਦੇ ਮਹੱਤਵ ਅਤੇ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ। ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਬੋਟਨੀ ਵਿਭਾਗ ਦੇ ਪ੍ਰੋ. ਡਾ. ਰਾਜਬੀਰ ਸਿੰਘ ਸੋਹੀ ਨੇ ਮਨੁੱਖੀ ਜੀਵਨ ਵਿਚ ਹਵਾ, ਪਾਣੀ ਅਤੇ ਧਰਤੀ ਦੀ ਅਹਿਮੀਅਤ ਬਾਰੇ ਆਪਣੇ ਕੀਮਤੀ ਵਿਚਾਰ ਪੇਸ਼ ਕੀਤੇ। ਡਾ. ਰਜਿੰਦਰ ਕੌਰ ਨੇ ਆਪਣੇ ਲੈਕਚਰ ਵਿਚ ਕਾਲਜ ਵਿਖੇ ਬੋਟੈਨੀਕਲ ਗਾਰਡਨ ਅਤੇ ਸੀਡ ਬੈਂਕ ਬਣਾਉਣ ਦਾ ਸੁਝਾਅ ਦਿੱਤਾ।

21. **ਸਟਾਰਟ ਅੱਪ ਇੰਡੀਆ' ਵਿਸ਼ੇ 'ਤੇ ਸੈਮੀਨਾਰ:** ਮਿਤੀ 31-01-2026 ਕਾਲਜ ਕੈਂਪਸ ਵਿਖੇ ਵਾਇਸ ਚਾਂਸਲਰ ਡਾ. ਕਰਮਜੀਤ ਸਿੰਘ ਅਤੇ ਡੀਨ ਕਾਲਜ ਵਿਕਾਸ ਕੌਂਸਲ ਪ੍ਰੋ. ਡਾ. ਸਰੋਜ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਕਾਲਜ ਪ੍ਰਿੰ ਡਾ.ਵੀ.ਕੇ. ਸਿੰਘ ਦੀ ਅਗਵਾਈ ਹੇਠ ਸਟਾਰਟ ਅੱਪ ਇੰਡੀਆ ਅਤੇ ਉੱਦਮੀਆਂ ਦੀ ਨਵੀਂ ਲਹਿਰ ਵਿਸ਼ੇ 'ਤੇ ਰੂਸਾ ਦੇ ਸਹਿਯੋਗ ਨਾਲ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਡਾ. ਵਿਕਰਮ ਸੰਧੂ (ਯੂਨੀਵਰਸਿਟੀ ਬਿਜਨਸ ਸਕੂਲ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਡਾ. ਮਨੀਸ਼ ਕੁਮਾਰ ਨੇ ਪਲਾਸਟਿਕ ਦੀ ਵਰਤੋਂ ਦੇ ਵਾਤਾਵਰਨ 'ਤੇ ਨਾਕਾਰਾਤਮਕ ਪ੍ਰਭਾਵ ਅਤੇ ਬਿਜਨਸ ਸ਼ੁਰੂ ਕਰਨ ਲਈ ਆਰਥਿਕ ਸਹਾਇਤਾ ਦੇਣ ਵਾਲੀਆਂ ਏਜੰਸੀਆਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਡਾ. ਹਰਦੀਪ ਸਿੰਘ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਸਾਨੂੰ ਸਾਰਿਆਂ ਨੂੰ ਨਾਕਾਰਾਤਮਕ ਭਾਵਨਾਵਾਂ ਨੂੰ ਛੱਡ ਕੇ ਆਤਮ-ਨਿਰਭਰ ਹੋਣਾ ਚਾਹੀਦਾ ਹੈ।

22. **ਲਵਲੀ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ:** ਮਿਤੀ 05-02-2026 ਨੂੰ ਕਾਲਜ ਪ੍ਰਿੰ. ਡਾ. ਵੀ. ਕੇ. ਸਿੰਘ ਦੀ ਅਗਵਾਈ ਹੇਠ ਪ੍ਰੋ. ਕਰਮਜੀਤ ਕੌਰ ਅਤੇ ਪ੍ਰੋ ਡਾ. ਹਰਦਵਿੰਦਰ ਸਿੰਘ ਦੇ ਸਹਿਯੋਗ ਨਾਲ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਜਲੰਧਰ ਦੁਆਰਾ ਕਰਵਾਏ ਗਏ ਪੈਨੋਰਮਾ-12.0 ਕਲਚਰ ਕੁਤੰਬ ਵਿਚ ਵਿਦਿਆਰਥੀਆਂ ਵਲੋਂ ਭਾਗ ਲਿਆ ਗਿਆ ਜਿਸ ਵਿਚ ਕਵਿਤਾ ਉਚਾਰਨ ਮੁਕਾਬਲੇ ਵਿਚ ਜੀਨਤਪ੍ਰਤਾਪ ਕੌਰ, ਲੋਕ ਗੀਤ ਗਾਇਨ ਵਿਚ ਅਕਾਸ਼ਦੀਪ ਸਿੰਘ ਅਤੇ ਸੁੰਦਰ ਲਿਖਾਈ ਵਿਚ ਮਨਪ੍ਰੀਤ ਸਿੰਘ ਨੇ ਪਹਿਲਾ ਸਥਾਨ ਅਤੇ ਪੋਸਟਰ ਮੇਕਿੰਗ ਮੁਕਾਬਲੇ ਵਿਚ ਸਿਮਰਨ ਕੌਰ ਨੇ ਦੂਸਰਾ ਸਥਾਨ ਹਾਸਿਲ ਕਰਕੇ ਓਵਰਆਲ ਟਰਾਫ਼ੀ ਕਾਲਜ ਦੀ ਝੋਲੀ ਪਾਈ।

23. **ਅੰਤਰ-ਰਸ਼ਟਰੀ ਮਾਤ-ਭਾਸ਼ਾ ਦਿਵਸ:** ਮਿਤੀ 21-02-2026 ਨੂੰ ਕਾਲਜ ਵਿਖੇ ਪ੍ਰਿੰ. ਡਾ. ਵੀ. ਕੇ. ਸਿੰਘ ਦੀ ਰਹਿਨੁਮਾਈ ਹੇਠ ਪੰਜਾਬੀ ਵਿਭਾਗ ਵਲੋਂ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ ਮਨਾਇਆ ਗਿਆ। ਇਸ ਮੌਕੇ ਡਾ. ਹਰਜੀਤ ਸਿੰਘ (ਸਹਾਇਕ ਪ੍ਰੋਫੈਸਰ ਪੰਜਾਬੀ) ਜੇ. ਸੀ. ਡੀ. ਏ. ਵੀ. ਕਾਲਜ, ਦਸੂਹਾ (ਹੁਸ਼ਿਆਰਪੁਰ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਪੰਜਾਬੀ ਭਾਸ਼ਾ ਦੀ ਮਹੱਤਤਾ, ਪੰਜਾਬੀ ਭਾਸ਼ਾ 'ਤੇ ਆਧਾਰਿਤ ਪ੍ਰਾਪਤ ਹੋਣ ਵਾਲੇ ਰੁਜ਼ਗਾਰਾਂ ਬਾਰੇ ਵਿਚਾਰ ਚਰਚਾ ਕਰਦੇ ਹੋਏ ਵਿਦਿਆਰਥੀਆਂ ਨੂੰ ਆਪਣੇ ਵਿਰਸੇ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਕਵਿਤਾ ਉਚਾਰਨ ਮੁਕਾਬਲੇ, ਸੁੰਦਰ ਹੱਥ ਲਿਖਤ ਅਤੇ ਭਾਸ਼ਣ ਉਚਾਰਨ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ

24. **ਰਾਸ਼ਟਰੀ ਸਾਇੰਸ ਦਿਵਸ:** ਮਿਤੀ 27-03-2026 ਨੂੰ ਕਾਲਜ ਵਿਚ ਪ੍ਰਿੰ. ਡਾ. ਵੀ. ਕੇ. ਸਿੰਘ ਦੀ ਅਗਵਾਈ ਹੇਠ ਸਾਇੰਸ ਵਿਭਾਗ ਦੇ ਸਮੂਹ ਸਟਾਫ਼ ਦੇ ਸਹਿਯੋਗ ਸਦਕਾ ਰਾਸ਼ਟਰੀ ਸਾਇੰਸ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰਿੰ. ਡਾ. ਵੀ. ਕੇ. ਸਿੰਘ ਦੁਆਰਾ ਵਿਦਿਆਰਥੀਆਂ ਨੂੰ ਸਾਇੰਸ ਦੀ ਖੋਜ ਨਾਲ ਆਏ ਪਰਿਵਰਤਨਾਂ ਬਾਰੇ ਦੱਸਿਆ ਗਿਆ ਅਤੇ ਵਿਦਿਆਰਥੀਆਂ ਦੇ ਵਿਗਿਆਨਿਕ ਵਰਕਿੰਗ ਮਾਡਲ, ਨਾਨ ਵਰਕਿੰਗ ਮਾਡਲ, ਪੋਸਟਰ ਮੇਕਿੰਗ, ਪੇਪਰ ਪੜਨ ਅਤੇ ਰੰਗੋਲੀ ਮੁਕਾਬਲੇ ਵੀ ਕਰਵਾਏ ਗਏ।

25. **ਯੁੱਧ ਨਸ਼ਿਆਂ ਵਿਰੁੱਧ:** ਮਿਤੀ 25-02-2026 ਨੂੰ ਪੰਜਾਬ ਸਰਕਾਰ ਵਲੋਂ ਨਸ਼ਿਆਂ ਵਿਰੁੱਧ ਨੌਜੁਆਨਾਂ ਨੂੰ ਉਤਸ਼ਾਹਿਤ ਕਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਕਰਵਾਏ ਗਏ ਪ੍ਰੋਗਰਾਮ ਵਿਚ ਕਾਲਜ ਦੀ ਵਿਦਿਆਰਥਣ ਜ਼ੀਨਤਪ੍ਰਤਾਪ ਕੌਰ ਨੇ ਕਵਿਤਾ ਉਚਾਰਨ ਮੁਕਾਬਲੇ ਵਿਚ ਦੂਸਰਾ ਸਥਾਨ ਹਾਸਲ ਕਰਕੇ ਕਾਲਜ ਦਾ ਮਾਣ ਵਧਾਇਆ।

26. **ਸਾਲਾਨਾ ਖੇਡ ਸਮਾਗਮ:** ਮਿਤੀ 28-02-2026 ਨੂੰ ਕਾਲਜ ਕੈਂਪਸ ਵਿਖੇ ਪ੍ਰਿੰ. ਡਾ. ਵੀ. ਕੇ. ਸਿੰਘ ਦੀ ਸਰਪ੍ਰਸਤੀ ਹੇਠ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਰਾਜਵਿੰਦਰ ਸਿੰਘ ਰਿਆੜ ਅਤੇ ਸਮੂਹ ਸਟਾਫ ਦੇ ਸਹਿਯੋਗ ਸਦਕਾ 5ਵਾਂ ਸਾਲਾਨਾ ਖੇਡ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੇਵਾ ਮੁਕਤ ਸੂਬੇਦਾਰ ਬਲਦੇਵ ਸਿੰਘ ਢਿੱਲੋਂ ਅਤੇ ਜਿਲ੍ਹਾ ਪ੍ਰੀਸ਼ਦ ਮੈਂਬਰ ਅਮਰੀਕ ਸਿੰਘ ਗੋਲਡੀ, ਕਿਸ਼ਨਕੋਟ ਨੇ ਮੁੱਖ ਮਹਿਮਾਨ ਵਜੋਂ ਅਤੇ ਸ੍ਰੀ ਹਰੀਸ਼ ਬਹਿਲ (ਡੀ. ਐਸ. ਪੀ.), ਹਰਜਿੰਦਰ ਸਿੰਘ ਥਾਣਾ ਮੁਖੀ ਘੁਮਾਣ, ਰਵੇਲ ਸਿੰਘ ਥਾਣਾ ਮੁਖੀ ਸ੍ਰੀ ਹਰਗੋਬਿੰਦਪੁਰ ਸਾਹਿਬ ਨੇ ਵਿਸੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕਾਲਜ ਪ੍ਰਿੰ. ਡਾ. ਵੀ. ਕੇ. ਸਿੰਘ ਦੁਆਰਾ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਕਾਲਜ ਦੀਆਂ ਸਰਗਰਮੀਆਂ ਤੇ ਗਤੀਵਿਧੀਆਂ ਤੋਂ ਜਾਣੂ ਕਰਵਾਇਆ ਗਿਆ। ਇਸ ਮੌਕੇ ਲੜਕੇ, ਲੜਕੀਆਂ ਦੀਆਂ 100, 200 ਤੇ 400 ਮੀਟਰ ਦੌੜਾਂ, ਲੰਬੀ ਛਾਲ, ਸ਼ਾਟ ਪੁੱਟ, ਨਿੰਬੂ ਦੌੜ, ਬੋਰੀ ਦੌੜ, ਤਿੰਨ ਲੱਤਾਂ ਦੌੜ, ਵਾਲੀਬਾਲ ਤੇ ਰੱਸਾਕਸ਼ੀ ਦੇ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ।

27. **ਅੰਤਰ-ਰਾਸ਼ਟਰੀ ਮਹਿਲਾ ਦਿਵਸ:** ਮਿਤੀ 07-03-2026 ਨੂੰ ਕਾਲਜ ਪ੍ਰਿੰ. ਡਾ. ਵੀ. ਕੇ. ਸਿੰਘ ਦੀ ਅਗਵਾਈ ਹੇਠ ਕਾਲਜ ਕੈਂਪਸ ਵਿਖੇ ਅੰਤਰ-ਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰਿੰ. ਡਾ. ਵੀ. ਕੇ. ਸਿੰਘ ਦੁਆਰਾ ਔਰਤ ਦੇ ਸ੍ਰੇਸ਼ਟ ਰੁਤਬੇ ਬਾਰੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ ਗਏ ਅਤੇ ਵਿਦਿਆਰਥੀਆਂ ਦੇ ਕਵਿਤਾ ਉਚਾਰਨ, ਪੋਸਟਰ ਮੇਕਿੰਗ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ।

# ਕਾਲਜ ਗਤੀਵਿਧੀਆਂ



ਰੂਸਾ ਸਪਾਂਸਰਡ "ਸਟਾਰਟ ਅੱਪ ਇੰਡੀਆ" ਵਿਸ਼ੇ ਤੇ ਸੈਮੀਨਾਰ ਵਿੱਚ ਸ਼ਮਾ ਰੌਸ਼ਨ ਕਰਦੇ ਹੋਏ ਡਾ. ਵਿਕਰਮ ਸੰਧੂ



ਯੁਵਕ ਮੇਲੇ ਵਿੱਚੋਂ ਟਰਾਫੀ ਜਿੱਤਣ ਤੇ ਖੁਸ਼ੀ ਦੇ ਪਲ ਸਾਂਝੇ ਕਰਦੇ ਹੋਏ ਪ੍ਰਿੰ. ਸਾਹਿਬ ਅਤੇ ਸਮੂਹ ਸਟਾਫ਼



ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮੌਕੇ ਮੁੱਖ ਵਕਤਾ ਡਾ. ਹਰਜੀਤ ਸਿੰਘ ਨੂੰ ਸਨਮਾਨ ਚਿੰਨ੍ਹ ਭੇਟ ਕਰਦੇ ਹੋਏ ਪ੍ਰਿੰ. ਸਾਹਿਬ ਅਤੇ ਪੰਜਾਬੀ ਵਿਭਾਗ



ਰਾਸ਼ਟਰੀ ਸਾਇੰਸ ਦਿਵਸ ਮੌਕੇ ਕਰਵਾਏ ਗਏ ਮੁਕਾਬਲਿਆਂ ਦਾ ਨਿਰੀਖਣ ਕਰਦੇ ਹੋਏ ਪ੍ਰਿੰ. ਡਾ ਵੀ.ਕੇ ਸਿੰਘ ਅਤੇ ਸਾਇੰਸ ਫੈਕਲਿਟੀ



ਈਕੋ ਕਲੱਬ ਵਲੋਂ (ਇੱਕ ਪੇੜ੍ਹ ਮਾਂ ਕੇ ਨਾਮ) ਮੁਹਿੰਮ ਤਹਿਤ ਪੌਦੇ ਲਗਾਉਂਦੇ ਹੋਏ



ਨੁੱਕੜ ਨਾਟਕ (ਸੱਚਾ ਗੁਰੂ ਲਾਧੋ ਰੇ) ਦੀ ਪੇਸ਼ਕਾਰੀ ਕਰਦੇ ਹੋਏ ਨਵਚਿੰਤਨ ਥੀਏਟਰ ਸੋਸਾਇਟੀ ਦੇ ਮੈਂਬਰ ਸ. ਸੁਖਦੇਵ ਸਿੰਘ ਤੇ ਸਾਥੀ



ਸੱਤ ਰੋਜ਼ਾ ਐਨ.ਐਸ.ਐਸ. ਕੈਂਪ ਦੇ ਆਰੰਭ ਸਮਾਰੋਹ ਦੌਰਾਨ ਆਏ ਮੁੱਖ ਮਹਿਮਾਨ ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰ. ਸਾਹਿਬ ਅਤੇ ਸਮੂਹ ਸਟਾਫ਼



ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਵਿਸ਼ੇਸ਼ ਲੈਕਚਰ



LPU ਵਿੱਚ ਕਰਵਾਏ ਮੁਕਾਬਲਿਆਂ ਵਿੱਚ ਜੇਤੂ ਰਹੇ ਵਿਦਿਆਰਥੀ



GNDU ਵਿੱਚ ਕਰਵਾਏ ਗਏ ਯੁਵਕ ਮੇਲੇ ਵਿੱਚ ਜੇਤੂ ਰਹੇ ਵਿਦਿਆਰਥੀ




ਐਨ.ਐਸ.ਐਸ. ਕੈਂਪ ਦੌਰਾਨ ਪੌਦੇ ਲਗਾਉਂਦੇ ਹੋਏ ਵਿਦਿਆਰਥੀ



ਵਿਦਿਅਕ ਟੂਰ ਦੌਰਾਨ ਵਿਦਿਆਰਥੀ ਅਤੇ ਸਟਾਫ਼ ਮੈਂਬਰ

# ਯੁਵਕ ਮੇਲੇ ਵਿਚ ਪੇਸ਼ਕਾਰੀ




ਕਾਲਜ਼ ਭੰਗੜਾ ਟੀਮ






ਸ਼ਬਦ ਗਾਇਨ



ਕਵਿਸ਼ਰੀ



ਕੋਰਿਓਗਰਾਫੀ ਟੀਮ



ਲੋਕ ਨਾਚ-ਲੁੱਡੀ ਦੀ ਟੀਮ



ਸਮੂਹ ਗਾਣ ਦੀ ਪੇਸ਼ਕਾਰੀ

# NEWS BULLETIN

## ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ ਵਿਖੇ ਕਰਵਾਏ 'ਮਹਿੰਦੀ ਲਗਾਉਣ ਤੇ ਰੱਖੜੀ ਮੇਕਿੰਗ ਮੁਕਾਬਲੇ'



## ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ ਵਿਖੇ ਸੁਖਮਨੀ ਸਾਹਿਬ ਦਾ ਜਾਪ ਕਰਵਾਇਆ



ਬਾਬਾ ਨਾਮਦੇਵ ਯੂਨੀਵਰਸਿਟੀ ਵਿਖੇ ਕਰਵਾਏ ਸੁਖਮਨੀ ਸਾਹਿਬ ਦੇ ਜਾਪ ਦੀ ਤਸਵੀਰ।

## GNDU hosts Punjabi attire competition





dedicated to Punjab, its culture and heritage

## ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ ਵਿਖੇ ਮਨਾਇਆ ਗਿਆ 'ਕੌਮਾਂਤਰੀ ਯੋਗਾ ਦਿਵਸ'



## ਜੀ. ਐਨ. ਡੀ. ਯੂ. ਯੁਵਕ ਮੇਲੇ 'ਚ ਬਾਬਾ ਨਾਮਦੇਵ ਯੂਨੀਵਰਸਿਟੀ ਨੇ ਜਿੱਤੀ ਰਨਰ-ਅੱਪ ਟਰਾਫੀ



ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ। (ਧੁੰਨ)

ਐਲੋਕੇਸ਼ਨ ਮਮਿਕਰੀ, ਕੁਲਾਜ ਮੇਕਿੰਗ, ਪੇਂਟਿੰਗ ਓਨ ਦਾ ਸਪੌਟ ਵਿਚ ਤੀਸਰਾ ਸਥਾਨ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਵੀ. ਕੇ. ਸਿੰਘ ਅਤੇ ਸਮੂਹ ਸਟਾਫ

ਬਟਾਲਾ/ਸ੍ਰੀ ... ਘੁਮਾਣ, 23 ... ਨਾਨਕ ਦੇਵ ... ਰਹੀ ਸੰਸਥਾ ... ਕਿਸ਼ਨਕੋਟ ਦੇ ... ਕਰਮਜੀਤ ... ਯੁਵਕ ਮੇਲੇ ... ਡਵੀਜਨ ... ਕੀਤਾ। ... ਕਿਰਨਜੀਤ ... ਕੁੱਲ 23 ... ਫੁਲਕਾਰੀ ... ਉਚਾਰਨ, ... ਗਾਇਨ,

ਜੇਤੂ ਵਿਦਿਆਰਥੀਆਂ ... ਇਸ ਮੌਕੇ ਪ੍ਰੋਫੈਸਰ ... ਕੌਰ, ਪ੍ਰੋਫੈਸਰ ਨਵਨੀਤ ... ਪ੍ਰੋਫੈਸਰ ਸੰਦੀਪ ਕੌਰ, ... ਮਨਦੀਪ ਕੌਰ, ਡਾ. ... ਕਿਰਨਪ੍ਰੀਤ ਕੌਰ, ਪ੍ਰੋਫੈਸਰ ... ਸਿੰਘ, ਪ੍ਰੋਫੈਸਰ ਸਮਸ਼ੇਰ ... ਪ੍ਰੋਫੈਸਰ ਪ੍ਰਦੀਪ ਕੌਰ, ... ਅਮਰਪ੍ਰੀਤ ਸਿੰਘ, ... ਲਵਪ੍ਰੀਤ ਕੌਰ, ਪ੍ਰੋਫੈਸਰ ... ਕੌਰ, ਪ੍ਰੋਫੈਸਰ ਗੁਰਪ੍ਰੀਤ ... ਪ੍ਰੋਫੈਸਰ ਰੋਹਨ ਬਜਾਜ, ... ਸਿੰਘ ਅਤੇ ਸੰਨੀ ਬਮੋਤਰਾ

## ਬਾਬਾ ਨਾਮਦੇਵ ਯੂ... ਵਿਦਿਆਰਥਣਾਂ ਦਾ ...



ਬਟਾਲਾ/ਸ੍ਰੀ ਹਰਗੋਬਿੰਦਪੁਰ 13 ਅਗਸਤ (ਡਾ. ਨਰਿੰਦਰ ਘੁਮਾਣ/ਜਗੀਰ ਸਿੰਘ ਮੰਡ): ਗੁਰੂ ਨਾਨਕ ਦੇਵ ਯੂਨੀਵਰਸਿਟੀ ਦੁ... ਐਲਾਨੇ ਗਏ ਐੱਮ.ਏ. ਪੰਜਾਬੀ ਸਮੈ... ਚੌਥਾ ਦੇ ਨਤੀਜਿਆਂ ਵਿੱਚ ਬ... ਨਾਮਦੇਵ ਯੂਨੀਵਰਸਿਟੀ ਕਾ... ਕਿਸ਼ਨਕੋਟ ਦੀਆਂ ਵਿਦਿਆਰਥਣਾਂ... ਸ਼ਾਨਦਾਰ ਪ੍ਰਦਰਸ਼ਨ ਕੀਤਾ। ਪ੍ਰਿੰਸੀ...

## ਯੂਨੀਵਰਸਿਟੀ ਵਿਖੇ ਮਨਾਇਆ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ

## ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ ਕਿਸ਼ਨਕੋਟ ਮਨਾਇਆ 'ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ'

ਚੜ੍ਹਦੀਕਲਾ

## 'ਇਕ ਪੇੜ ਮਾਂ ਕੇ ਨਾਮ' ਮੁਹਿੰਮ ਤਹਿਤ ਪੌਦੇ ਲਗਾਏ

## ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ ਵਿਖੇ ਮਹਿੰਦੀ ਲਾਉਣ ਅਤੇ ਰੱਖੜੀ ਬਣਾਉਣ ਮੁਕਾਬਲੇ ਕਰਵਾਏ

ਸ੍ਰੀ ਹਰਗੋਬਿੰਦਪੁਰ, 10 ਅਗਸਤ (ਕੇਵਲਜੀਤ ਸਿੰਘ ਚੀਮਾ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੁਆਰਾ ਚਲਾਈ ਜਾ ਰਹੀ ਸੰਸਥਾ ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ ... ਵਿਦਿਆਰਥੀਆਂ ਨੇ ਫਾਲਤੂ ਸਾਮਾਨ ਤੋਂ ਹੱਥ ਦੀਆਂ ਰੱਖੜੀਆਂ ਤਿਆਰ ਕੀਤੀਆਂ ਅਤੇ ਮਹਿੰਦੀ ਵਾਲੇ ਵਿਦਿਆਰਥੀਆਂ ਨੇ ਵੀ ਬਹੁਤ ਸੁੰਦਰ ਮਹਿੰਦੀ ਲਗਾਈ। ਸੁੰਦਰ ਰੱਖੜੀ ਵਿਚ ਹੁਸਨਪ੍ਰੀਤ ਕੌਰ ਨੇ ਪਹਿਲਾ, ਪ੍ਰਭਜੋਤ ਕੌਰ ਨੇ ਦੂਜਾ, ਗਗਨਪ੍ਰੀਤ ਕੌਰ ਤੇ ਸਿਮਰਨ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਵਲੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰੋਫੈਸਰ ਸੰਦੀਪ ਕੌਰ, ਪ੍ਰੋਫੈਸਰ ਕਰਮਜੀਤ ਕੌਰ, ਪ੍ਰੋਫੈਸਰ ਕਿਰਨਜੀਤ ਕੌਰ, ਪ੍ਰੋਫੈਸਰ ਸੁਖਵਿੰਦਰ ਕੌਰ, ਪ੍ਰੋਫੈਸਰ ਰਾਜਵਿੰਦਰ ਕੌਰ, ਪ੍ਰੋਫੈਸਰ ਰਵਨੀਤ ਕੌਰ, ਪ੍ਰੋਫੈਸਰ ਅਮਰਪ੍ਰੀਤ ਸਿੰਘ, ਪ੍ਰੋਫੈਸਰ ਲਵਪ੍ਰੀਤ ਕੌਰ ਅਤੇ ...



## ਬਾਬਾ ਨਾਮਦੇਵ ਯੂਨੀਵਰਸਿਟੀ ਵਿਖੇ ਮਨਾਇਆ 'ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ'

## ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ ਵਿਖੇ ਸੈਮੀਨਾਰ



## ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ 'ਚ ਕਰਵਾਇਆ ਨੁੱਕੜ ਨਾਟਕ 'ਸੱਚਾ ਗੁਰੂ ਲਾਧੋ ਰੇ'



## ਬਾਬਾ ਨਾਮਦੇਵ ਯੂਨੀਵਰਸਿਟੀ ਘੁਮਾਣ ਵਿ... ਸੱਤ ਰੋਜ਼ਾ ਐਨ.ਐਸ.ਐਸ. ਕੈਂਪ...



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 24 ਦਸੰਬਰ (ਡਾ. ਨਰਿੰਦਰ ਘੁਮਾਣ/ਜਗੀਰ ਸਿੰਘ ਮੰਡ): ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੁਆਰਾ ਚਲਾਈ ਜਾ ਰਹੀ ਸੰਸਥਾ ਬਾਬਾ ਨਾਮਦੇਵ ਯੂਨੀਵਰਸਿਟੀ ਕਿਸ਼ਨਕੋਟ ਘੁਮਾਣ ਵਿਖੇ ਪ੍ਰਿੰਸੀਪਲ ਡਾ. ਵੀ.ਕੇ. ਸਿੰਘ ਦੀ ਰਹਿਨੁਮਾਈ ਹੇਠ ਤੇ ਪ੍ਰੋਫੈਸਰ ... ਸੀ.ਐਸ. ਕੈਂਪ ਦੇ ਵਿਦਾਇਗੀ ਸਮਾਰੋਹ ਵਿੱਚ ਪ੍ਰੋਫੈਸਰ ਹਰਚਰਨ ਸਿੰਘ (ਰਿਟਾਇਰਡ ਪ੍ਰਿੰਸੀਪਲ ਗੌਰਮਿੰਟ ਕਾਲਜ ਗੁਰਦਾਸਪੁਰ) ਨੇ ਮੁੱਖ ਮਹਿਮਾਨ ਵਜੋਂ ... ਪ੍ਰਭਜੋਤ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਪੰਜਾਬੇ, ਰੁਪਿੰਦਰ ਕੌਰ (ਸਰਕਾਰੀ ਮਿਡਲ ਸਕੂਲ ਪੰਜਗਰੇ) ਤੇ ਬਲਜੀਤ ਸਿੰਘ ...

## ਕਾਲਜ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



## ਬਾਬਾ ਨਾਮਦੇਵ ਯੂਨੀਵਰਸਿਟੀ ਵਿਖੇ ਮਨਾਇਆ...

ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 17 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਗੁਰੂ ... ਯੂਨੀਵਰਸਿਟੀ ਦੁਆਰਾ ...



## ਬਾਬਾ ਨਾਮਦੇਵ ਯੂਨੀਵਰਸਿਟੀ ਕਾ... ਨੇ ਲਵਲੀ ਯੂਨੀਵਰਸਿਟੀ...



## ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ ਵਿਖੇ ਮਨਾਇਆ 'ਰਾਸ਼ਟਰੀ ਸਾਇੰਸ ਦਿਵਸ'

## ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ ਵਿਖੇ 5ਵਾਂ ਸਾਲਾਨਾ ਖੇਡ ਸਮਾਗਮ ਕਰਵਾਇਆ



30 Oct 2025 - Page 8

## ਬਾਬਾ ਨਾਮਦੇਵ ਯੂਨੀਵਰਸਿਟੀ ਕਾਲਜ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਕਰਵਾਇਆ ਸਮਾਗਮ



## ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ



# OUR PRIDE

## GNDU, AMRITSAR MERIT HOLDER



AMANDEEP KAUR
3rd Position (1st in College)
M.A. Pbi. (2023-25)



SARABJIT KAUR
3rd Position (1st in College)
M.A. Pbi. (2023-25)

## GNDU, AMRITSAR MERIT HOLDER

## 2022 - 2025



PARNEET KAUR
MA (Pbi.)
2nd Position



JASKARNPREET KAUR
BA
1st Position



KIRANJEET KAUR
BA
2nd Position



NAVNEET KAUR
B.Com
1st Position



SUKHMANPREET KAUR
B.Com
2nd Position



KHUSHPREET KAUR
B.Sc (Med.)
1st Position



PRABHPREET KAUR
B.Sc (Med.)
2nd Position



LOVEJEET SINGH
B.Sc (CS)
1stPosition



SUKHWINDER KAUR
B.Sc (CS)
2nd Position



INDERPREET KAUR
B.Sc (Non. Med.)
1st Position



MANROOP KAUR
B.Sc (FD)
1st Position



PRABHJOT KAUR
B.Sc (FD)
2nd Position



SUKHPAL SINGH
BCA
1st Position



SURESH SINGH
BCA
2nd Position

## 2023 - 2026



DILPREET KAUR
B.Com
1st Position



KOMALPREET KAUR
B.Com
2nd Position



MANPREET KAUR
B.Sc (Med.)
1st Position



PRABHJIT GROVER
B.Sc (CS)
1st Position




ARSHPREET KAUR
B.Sc (NM)
1st Position



GAGANDEEP KAUR
B.Sc (FD)
1st Position



KHUSHPREET KAUR
B.Sc (FD)
2nd Position



SOMANPREET KAUR
BCA
1st Position



PRABHLEEN KAUR
BCA
2nd Position



ANMOLPREET KAUR
BA
2nd Position



GURPAVANPREET KAUR
BA
1st Position




ਰੂਸਾ ਸਪਾਂਸਰਡ ਸੈਮੀਨਾਰ ਦੌਰਾਨ ਪ੍ਰੋ: ਡਾ.ਸਰੋਜ ਅਰੋੜਾ ਡੀਨ ਕਾਲਜ ਵਿਕਾਸ ਕੌਂਸਲ (GNDU) ਨੂੰ ਸਨਮਾਨ ਚਿੰਨ੍ਹ ਭੇਂਟ ਕਰਦੇ ਹੋਏ ਪ੍ਰਿੰ. ਡਾ. ਵੀ.ਕੇ. ਸਿੰਘ ਅਤੇ ਪ੍ਰੋਫੈਸਰ ਸਾਹਿਬਾਨ



ਜੀਵ ਵਿਗਿਆਨ ਲੈਬ



ਰਸਾਇਣ ਵਿਗਿਆਨ ਲੈਬ



ਲਾਇਬ੍ਰੇਰੀ



ਫੈਸ਼ਨ ਡਿਜਾਇਨਿੰਗ ਲੈਬ



ਕੰਪਿਊਟਰ ਲੈਬ



ਭੌਤਿਕ ਵਿਗਿਆਨ ਲੈਬ



ਬਨਸਪਤੀ ਵਿਗਿਆਨ ਲੈਬ

**Education is the most powerful weapon which you can use to change the world.**

**Nelson Mandela**